ISSN 0972-2335

# ਅੰਮ੍ਰਿਤ ਕੀਰਤਨ

ਈ-ਮੈਗਜ਼ੀਨ | E-Magazine

ਕਤਿਕਿ ਕਰਮ ਕਮਾਵਣੇ ਦੋਸੁ ਨ ਕਾਹੂ ਜੋਗੁ ॥
ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ ॥
ਵੇਮੁਖ ਹੋਏ ਰਾਮ ਤੇ ਲਗਨਿ ਜਨਮ ਵਿਜੋਗ ॥
ਖਿਨ ਮਹਿ ਕਉੜੇ ਹੋਇ ਗਏ ਜਿਤੜੇ ਮਾਇਆ ਭੋਗ ॥
ਵਿਚੁ ਨ ਕੋਈ ਕਰਿ ਸਕੈ ਕਿਸ ਥੈ ਰੋਵਹਿ ਰੋਜ ॥
ਕੀਤਾ ਕਿਛੂ ਨ ਹੋਵਈ ਲਿਖਿਆ ਧੁਰਿ ਸੰਜੋਗ ॥
ਵਡਭਾਗੀ ਮੇਰਾ ਪ੍ਰਭੁ ਮਿਲੈ ਤਾਂ ਉਤਰਹਿ ਸਭਿ ਬਿਓਗ ॥
ਨਾਨਕ ਕਉ ਪ੍ਰਭ ਰਾਖਿ ਲੇਹਿ ਮੇਰੇ ਸਾਹਿਬ ਬੰਦੀ ਮੋਚ ॥
ਕਤਿਕ ਹੋਵੈ ਸਾਧਸੰਗੁ ਬਿਨਸਹਿ ਸਭੇ ਸੋਚ ॥੯॥

## ਅਕਤੂਬਰ ੨੦੨੪

**ਸੰਪਾਦਕ**

**ਡਾ. ਜਾਗੀਰ ਸਿੰਘ**



# ਮੇਰਾ ਮਹਿਰਮ ਤੂੰ

ਮਨ-ਉਬਾਲੇ ਕਿਸਨੂੰ ਦੱਸੀਏ,

ਤੂਹੀਉਂ ਸੁਣਨੇ ਵਾਲਾ ਏ ।

ਮਨ ਦੀਆਂ ਤਾਰਾਂ ਖਿੰਡੀਆਂ ਪਈਆਂ,

ਤੂੰ ਹੀ ਜੋੜਨ ਵਾਲਾਂ ਏਂ ।

ਖਿੰਡੀਆਂ ਤਾਰਾਂ ਇਕ ਥਾਂ ਕਰ ਦੇ,

ਭੁਲਿਆਂ ਤਾਈਂ ਪੰਥ ਦਿਖਾ ।

ਦਰ ਦਰ ਫਿਰਦੇ ਭਟਕ ਰਹੇ ਹਾਂ,

ਆਪੇ ਰਾਹ ਪਾਵਣ ਵਾਲਾ ਏਂ ।

ਪੁਸਤਕ – ਗੁੱਝੀਆਂ ਰਮਜਾਂ: ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ

# ਅੰਮ੍ਰਿਤ ਕੀਰਤਨ

ਸੰਪਾਦਕ
**ਡਾ. ਜਾਗੀਰ ਸਿੰਘ**
ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀਐਚ. ਡੀ

ਸਹਿਯੋਗੀ
**ਸ. ਹਰਭਜਨ ਸਿੰਘ, ਸ. ਨਵਤੇਜ ਸਿੰਘ, ਅਤੇ ਸ. ਅਰਸ਼ਦੀਪ ਸਿੰਘ**

- ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

- 'ਅੰਮ੍ਰਿਤ ਕੀਰਤਨ' ਲਈ ਡਰਾਫਟ, ਮਾਇਕ ਸਹਾਇਤਾ, ਚਿੱਠੀ-ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ:

ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422, ਸੈਕਟਰ 15-ਏ, ਚੰਡੀਗੜ੍ਹ 160 015
ਫੋਨ : 0172-2772660, 098140 53630
e-mail: drjagirsingh@gmail.com
Website : http://www.amritkirtan.com

## ਇਸ ਅੰਕ ਵਿਚ

**ਮੇਰਾ ਮਹਿਰਮ ਤੂੰ**
ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ 1

**ਸੰਪਾਦਕੀ: ਕਰਉ ਬੇਨੰਤੀਆ**
ਕਾਫਕਾ ਦਾ ਕੀੜਾ 3

**ਸਿੱਖ ਧਰਮ ਵਿੱਚ ਸੇਵਾ**
ਡਾ. ਜਾਗੀਰ ਸਿੰਘ 7

**ਡਾ. ਗੁਰਨਾਮ ਸਿੰਘ ਜੀ ਬਾਬਾ ਸ਼ੇਖ ਫਰੀਦ ਜੀ ਅਵਾਰਡ ਨਾਲ ਸਨਮਾਨਿਤ**
ਡਾ. ਗਗਨਦੀਪ ਸਿੰਘ 26

**ਸ਼੍ਰੀ ਗੁਰੂ ਅਮਰਦਾਸ ਜੀ ਦੀ ਗੁਰਮਤਿ ਸੰਗੀਤ ਨੂੰ ਦੇਣ**
ਪ੍ਰੋ. ਅਜੈਪਾਲ ਸਿੰਘ ਚਵਿੰਡਾ 27

**ਮੇਰੇ ਭਾਪਾ ਜੀ**
ਪਰਮਜੀਤ ਕੌਰ ਸਰਹਿੰਦ 35

**ਪੰਜਾਬ ਦੇ ਸੰਗੀਤਕ ਸਾਜ਼: ਦਸ਼ਾ ਅਤੇ ਵਿਸ਼ਾ**
ਪ੍ਰੋ. ਜਸਵੀਰ ਸਿੰਘ 42

**Bhai Prithipal Singh Kang**
Dr. Amardev Singh 52

**Mohinderjit Singh 'Guru Ji'**
Aanchal Kapoor 55

**ਰਾਗ ਬਿਲਾਵਲ**
ਪ੍ਰੋ. ਹਰਭਜਨ ਸਿੰਘ ਧਾਰੀਵਾਲ 57

**ਤਿੰਨ ਤਾਲ ਦੀਆਂ ਤਿਹਾਈਆਂ**
ਪ੍ਰੋ. ਹਰਭਜਨ ਸਿੰਘ ਧਾਰੀਵਾਲ 59

**राग पटरंजनी**
डा. गुरबख्श सिंह 62

Donations to **AMRIT KIRTAN TRUST** (Unique Registration Number **AAATA1371JF19911**) Are eligible for relief u/s 11-Clause (i) of first proviso to sub-section (5) of section 80G date 07-04-2022 valid upto from AY 2022-23 to AY 2026-2027----Cheques/Drafts should be sent in the name of **AMRIT KIRTAN TRUST** payable at Mohali. Donations can also be sent by money order at the address **AMRIT KIRTAN TRUST** (Regd.) 422, Sector 15-A, Chandigarh-160015. The Donations can be made by Electronic Transfer also. The bank details are :
**AMRIT KIRTAN TRUST** Saving Bank A/c No. 65079603302, IFSC :SBIN0018141 in the State Bank of India, Phase 3B2, Mohali Punjab Branch. After such a Deposit, please inform us your Aadhar No., Pan No. Name & Address as also the deposit details to enable us to send you the receipt.

## ਕਰਉ ਬੇਨੰਤੀਆ

# ਕਾਫਕਾ ਦਾ ਕੀੜਾ

ਫਰਾਂਜ਼ ਕਾਫਕਾ ਦਾ ਇੱਕ ਨਾਵਲ ਹੈ ਮੈਟਾਮੋਰਫੌਸਿਸ। ਇਸ ਨਾਵਲ ਦਾ ਮੁੱਖ ਪਾਤਰ ਇੱਕ ਦਿਨ ਇੱਕ ਕੀੜੇ ਵਿੱਚ ਤਬਦੀਲ ਹੋ ਜਾਂਦਾ ਹੈ ਅਤੇ ਇਸ ਤੋਂ ਬਾਅਦ ਉਸ ਦੇ ਸਾਰੇ ਰਿਸ਼ਤਿਆਂ ਵਿੱਚ ਜਿਹੜੀ ਤਬਦੀਲੀ ਆਉਂਦੀ ਹੈ ਉਸ ਦਾ ਵਰਣਨ ਕਾਫਕਾ ਨੇ ਬੜੀ ਸ਼ਿਦਤ ਨਾਲ ਕੀਤਾ ਹੈ।ਇਸ ਨਾਵਲ ਨੂੰ ਪੜ੍ਹਦਿਆਂ ਅਸੀਂ ਵੀ ਆਪਣੇ ਆਪ ਨੂੰ ਇਸ ਮੌਜੂਦਾ ਸਿਸਟਮ ਵਿੱਚ ਇੱਕ ਕੀੜੇ ਵਾਂਗ ਹੀ ਸਮਝਣ ਲੱਗ ਪੈਂਦੇ ਹਾਂ। ਜਦੋਂ ਅਸੀਂ ਵੇਖਦੇ ਹਾਂ ਕਿ ਇੱਥੇ ਬਹੁਤਾ ਕੁਝ ਸਾਡੇ ਵੱਸ ਵਿੱਚ ਨਹੀਂ ਹੈ।ਜਦੋਂ ਕਿਸੇ ਵਿਅਕਤੀ ਦੀ ਉਪਯੋਗਤਾ ਸਾਡੇ ਲਈ ਖਤਮ ਹੋ ਜਾਂਦੀ ਹੈ ਤਾਂ ਉਸ ਨਾਲ ਲਗਾਉ ਵੀ ਖਤਮ ਹੋ ਜਾਂਦਾ ਹੈ।ਨਾਵਲ ਦਾ ਮੁੱਖ ਪਾਤਰ ਜਿਤਨੀ ਦੇਰ ਤਕ ਕਮਾਊ ਸੀ ਉਸ ਨਾਲ ਲਗਾਉ ਸੀ।ਹੁਣ ਤਾਂ ਬਹੁਤੇ ਰਿਸ਼ਤੇਦਾਰ ਉਸਦੇ ਮਰਨ ਦੀ ਕਾਮਨਾ ਕਰਨ ਲੱਗ ਪੈਂਦੇ ਹਨ।ਨਾਵਲ ਨੂੰ ਪੜ੍ਹਦਿਆਂ ਇੱਕ ਅਜੀਬ ਤਰ੍ਹਾਂ ਦੀ ਅਚਵੀ ਜਿਹੀ ਮਹਿਸੂਸ ਹੁੰਦੀ ਹੈ।ਖਿਝ ਆਉਂਦੀ ਹੈ।ਗੁਰਦਿਆਲ ਸਿੰਘ ਦੇ ਨਾਵਲ 'ਅੰਨ੍ਹੇ ਘੋੜੇ ਦਾ ਦਾਨ' ਪੜ੍ਹ ਕੇ ਵੀ ਮੈਨੂੰ ਇੰਜ ਹੀ ਮਹਿਸੂਸ ਹੋਇਆ ਸੀ।ਸ਼ਾਇਦ 1976-77 ਦੀ ਗੱਲ ਹੈ ਉਦੋਂ ਜਸਵੰਤ ਸਿੰਘ ਕੰਵਲ ਜੀ ਚੰਡੀਗੜ੍ਹ ਦੇ ਪੰਦਰਾਂ ਸੈਕਟਰ ਵਿੱਚ ਆਉਂਦੇ ਹੁੰਦੇ ਸਨ ਤੇ ਮੈਂ ਉਸ ਘਰ ਵਿੱਚ ਕੀਰਤਨ ਕਰਨ ਜਾਂਦਾ ਹੁੰਦਾ ਸਾਂ।ਮੈਂ ਕੰਵਲ ਜੀ ਨੂੰ ਕਿਹਾ, "ਤੁਹਾਡੇ ਨਾਵਲ ਪੜ੍ਹਦਿਆਂ ਮਨ ਕੁਝ ਉਤਸ਼ਾਹ ਨਾਲ ਭਰ ਜਾਂਦਾ ਹੈ ਪਰ ਗੁਰਦਿਆਲ ਸਿੰਘ ਦਾ ਨਾਵਲ 'ਅੰਨੇ ਘੋੜੇ ਦਾ ਦਾਨ' ਪੜ੍ਹ ਕੇ ਤਾਂ ਨਿਰਾਸਾ ਹੁੰਦੀ ਹੈ।ਕੰਵਲ ਜੀ ਨੇ ਕਿਹਾ ਸਾਹਿਤ ਦਾ ਮਨੋਰਥ ਤਾਂ ਪਾਠਕ ਨੂੰ ਪ੍ਰੇਰਨਾ ਦੇਣਾ ਹੁੰਦਾ ਹੈ,ਨਿਰਾਸ ਕਰਨਾ ਨਹੀਂ।ਫਿਰ ਕਹਿਣ ਲੱਗੇ 'ਗੁਰਦਿਆਲ ਸਿੰਘ ਦਾ ਨਾਵਲ ਪੜ੍ਹਦਿਆਂ ਤੁਹਾਨੂੰ ਜਾਪਦਾ ਹੈ ਕਿ ਜਿਹੜੇ ਸਿਸਟਮ ਦਾ ਉਹ ਵਰਣਨ ਕਰ ਰਿਹਾ ਹੈ ਉਹ

ਸਿਸਟਮ ਨਹੀਂ ਹੋਣਾ ਚਾਹੀਦਾ।' ਮੈਂ ਕਿਹਾ ਇਹੋ ਜਿਹਾ ਸਮਾਜ ਤਾਂ ਬਿਲਕੁੱਲ ਨਹੀਂ ਹੋਣਾ ਚਾਹੀਦਾ।' ਕੰਵਲ ਜੀ ਨੇ ਫਿਰ ਕਿਹਾ 'ਤਾਂ ਤੇ ਗੁਰਦਿਆਲ ਸਿੰਘ ਦਾ ਨਾਵਲ ਲਿਖਣ ਦਾ ਪ੍ਰਯੋਜਨ ਪੂਰਾ ਹੋ ਗਿਆ ਸਮਝੋ।' ਇਹ ਵੀ ਤਾਂ ਸਾਹਿਤ ਦਾ ਮਨੋਰਥ ਹੀ ਹੈ।ਸਾਹਿਤ ਨੂੰ ਸਮਝਣ ਲਈ ਤਾਂ ਸ਼ਾਇਦ ਮੈਨੂੰ ਅਜੇ ਵੀ ਬਹੁਤ ਕੁਝ ਸਿੱਖਣ ਦੀ ਲੋੜ ਹੈ।
ਕਾਫਕਾ ਦੀਆਂ ਕਿਤਾਬਾਂ ਅਤੇ ਸਾਹਿਤ ਬਾਰੇ ਟਿੱਪਣੀਆਂ ਵੀ ਝੰਜੋੜਨ ਵਾਲੀਆਂ ਹਨ।
ਸਾਡੀ ਆਤਮਾ ਇੱਕ ਵਿਸ਼ਾਲ ਮਹਿਲ ਵਾਂਗ ਹੈ। ਉਸ ਵਿੱਚ ਕਈ ਕਮਰੇ ਹਨ।ਹਰ ਕਮਰੇ ਦੇ ਦਰਵਾਜ਼ੇ ਤੇ ਤਾਲਾ ਲੱਗਿਆ ਹੋਇਆ ਹੈ। ਕਿਤਾਬਾਂ ਅਸਲ ਵਿੱਚ ਉਹਨਾਂ ਤਾਲਿਆਂ ਨੂੰ ਖੋਹਲਣ ਵਾਲੀਆਂ ਚਾਬੀਆਂ ਹਨ-
ਸਾਡੇ ਅੰਦਰ ਸਮੁੰਦਰ ਬਰਫ ਵਾਂਗ ਜੰਮਿਆ ਹੋਇਆ ਹੈ।ਕਿਤਾਬ ਇੱਕ ਕੁਹਾੜੀ ਵਾਂਗ ਹੋਣੀ ਚਾਹੀਦੀ ਹੈ।ਜਿਹੜੀ ਬਰਫ ਨੂੰ ਤੋੜ ਦੇਵੇ।-
ਕਾਫਕਾ ਆਪਣੇ ਲਿਖਣ ਦੇ ਜੰਨੂਨ ਬਾਰੇ ਆਖਦਾ ਸੀ- ਲਿਖਣਾ ਮੇਰੇ ਲਈ, ਮੌਤ ਤੋਂ ਵੀ ਡੂੰਘੀ ਨੀਂਦ ਵਿੱਚ ਜਾਣਾ ਹੈ।ਜਿਸ ਤਰ੍ਹਾਂ ਮੁਰਦੇ ਨੂੰ ਉਸ ਦੀ ਕਬਰ ਵਿੱਚੋਂ ਬਾਹਰ ਨਹੀਂ ਕੱਢਿਆ ਜਾ ਸਕਦਾ ਉਸੇ ਤਰ੍ਹਾਂ ਮੈਨੂੰ ਵੀ ਕੋਈ ਮੇਰੀ ਲਿਖਣ ਦੀ ਟੇਬਲ ਤੋਂ ਦੂਰ ਨਹੀਂ ਕਰ ਸਕਦਾ।-------ਪਰ ਕਾਫਕਾ ਦੇ ਨਾਵਲ ਦੇ 'ਕੀੜੇ' ਰੂਪੀ ਪ੍ਰਤੀਕ ਨੇ ਮੇਰੇ ਮਨ ਵਿੱਚ ਇੱਕ ਹੋਰ ਲਾਲਸਾ ਪੈਦਾ ਕਰ ਦਿੱਤੀ।

ਗੁਰਬਾਣੀ ਵਿੱਚ ਮਨੁੱਖ ਨੂੰ ਕਈ ਥਾਂ ਕੀੜਾ ਕਿਹਾ ਗਿਆ ਹੈ।ਇਥੇ ਕੀੜੇ ਦੇ ਹਵਾਲੇ ਨੇ ਮਨੁੱਖੀ ਹਾਲਤ ਨੂੰ ਕਿਵੇਂ ਬਿਆਨ ਕੀਤਾ ਹੈ ਇਸ ਬਾਰੇ ਵਿਚਾਰ ਕੀਤੀ ਜਾ ਸਕਦੀ ਹੈ।ਗੁਰਬਾਣੀ ਵਿੱਚ 'ਕੀੜਾ' ਸਧਾਰਨ ਅਰਥ ਵਿੱਚ ਵੀ ਪ੍ਰਯੋਗ ਹੋਇਆ ਹੈ -
*ਗੋਹੇ ਅਤੈ ਲਕੜੀ ਅੰਦਰ ਕੀੜਾ ਹੋਇ॥ (426)* ਅਤੇ ਪ੍ਰਤੀਕ ਰੂਪ ਵਿੱਚ ਵੀ ਪ੍ਰਯੋਗ ਹੋਇਆ ਹੈ।ਕਾਫਕਾ ਦੇ ਪਾਤਰ ਨੂੰ ਸਮਝ ਨਹੀਂ ਆਉਂਦੀ ਕਿ ਉਹ ਕੀੜਾ ਕਿਉਂ ਬਣ ਗਿਆ ਪਰ ਗੁਰਬਾਣੀ ਵਿੱਚ ਕੀੜੇ ਵਾਂਗ ਬਣਨ ਦੀ

ਸਥਿਤੀ ਸਮਝਾਈ ਗਈ ਹੈ। ਵਿਸ਼ਾਲ ਪੱਧਰ ਤੇ ਤਾਂ ਇਹ ਸਾਰਾ ਕੁਝ ਹੁਕਮ ਅਨੁਸਾਰ ਹੁੰਦਾ ਦਰਸਾਇਆ ਹੈ –

*ਕੀੜਾ ਥਾਪਿ ਦੇਇ ਪਾਤਿਸਾਹੀ ਲਸਕਰ ਕਰੇ ਸੁਆਹ॥ (144)*

*ਜੇ ਕੋ ਨਾਉ ਧਰਾਇ ਵਡਾ ਸਾਦ ਕਰੇ ਮਨਿ ਭਾਣੇ॥*
*ਖਸਮੈ ਨਦਰੀ ਕੀੜਾ ਆਵੈ ਜੇਤੇ ਚੁਗੇ ਦਾਣੇ॥ (360)*

ਪਰ ਕੀੜੇ ਵਰਗੀ ਭੈੜੀ ਹਾਲਤ ਮਨੁੱਖ ਦੇ ਨਾਮ ਵਿਹੂਣਾ ਹੋ ਕੇ ਮਨਮੁਖ ਵਜੋਂ ਵਿਚਰਨ ਸਦਕਾ ਹੁੰਦੀ ਹੈ।
*ਮਨਮੁਖ ਅੰਧਾ ਠਉਰ ਨ ਪਾਇ॥*
*ਬਿਸਟਾ ਕਾ ਕੀੜਾ ਬਿਸਟਾ ਮਾਇ ਪਚਾਇ॥ (362)*

*ਪਰ ਨਿੰਦਾ ਬਹੁ ਕੂੜ ਕਮਾਵੈ॥*
*ਵਿਸਟਾ ਕਾ ਕੀੜਾ ਵਿਸਟਾ ਮਾਹਿ ਸਮਾਵੈ॥ (364)*

ਗੁਰਬਾਣੀ ਵਿੱਚ ਤਾਂ ਕੀੜੇ ਦੀ ਹਾਲਤ ਨੂੰ ਬਿਸਟਾ, ਵਿਸਟਾ, ਬਿਖ ਦਾ ਕੀੜਾ ਕਹਿ ਕੇ ਹੋਰ ਵੀ ਭੈੜਾ ਬਿਆਨ ਕੀਤਾ ਗਿਆ ਹੈ।

*ਬਿਨੁ ਨਾਵੈ ਸਭ ਨੀਚ ਜਾਤਿ ਹੈ ਬਿਸਟਾ ਕਾ ਕੀੜਾ ਹੋਇ॥ (426)*
*ਮਾਇਆ ਕੇ ਵਾਪਾਰਾ ਜਗਤਿ ਪਿਆਰਾ ਆਵਣ ਜਾਣਿ ਦੁਖੁ ਪਾਈ॥*

*ਬਿਖੁ ਕਾ ਕੀੜਾ ਬਿਖ ਸਿਉ ਲਾਗਾ ਬਿਸਟਾ ਮਾਹਿ ਸਮਾਈ॥ (57)*
*ਇਹ ਮਨੁ ਚੰਚਲੁ ਵਸਿ ਨ ਆਵੈ॥*

*ਦੁਬਿਧਾ ਲਾਗੈ ਦਹਦਿਸ ਧਾਵੈ॥*
*ਬਿਖ ਕਾ ਕੀੜਾ ਬਿਖ ਮਹਿ ਰਾਤਾ ਬਿਖੁ ਹੀ ਮਾਹਿ ਸਮਾਵਣਿਆ॥(127)*

ਕਾਫਕਾ ਦੀ ਵਿਚਾਰਧਾਰਾ ਵਾਲੇ ਕਵੀ ਲਿਖਿਦੇ ਹਨ –
ਜ਼ਿੰਦਗੀ ਸੇ ਬੜੀ ਸਜ਼ਾ ਹੀ ਨਹੀਂ।
ਕਿਆ ਜੁਰਮ ਹੈ ਪਤਾ ਹੀ ਨਹੀ।
ਕਾਫਕਾ ਦਾ ਨਾਵਲ ਪੜ੍ਹ ਕੇ ਪਾਠਕ ਦੇ ਮਨ ਵਿੱਚ ਚਿੰਤਾ ਵੱਸ ਅਜਿਹੇ ਸਮਾਜ ਨੂੰ ਬਦਲਣ ਲਈ ਭਾਵਨਾ ਪੈਦਾ ਹੁੰਦੀ ਹੈ।ਪਰ ਗੁਰਬਾਣੀ ਤਾਂ ਸਪਸ਼ਟ ਰੂਪ ਵਿੱਚ ਮਨੁਖ ਨੂੰ ਆਪ ਹੀ ਬਦਲਣ ਦਾ ਸੁਨੇਹੀ ਦਿੰਦੀ ਹੈ। ਜੇ ਮਨੁਖ ਮਨਮੁਖਤਾ ਛੱਡ ਦੇਵੇ ਤਾਂ ਕੀੜੇ ਜਿਹੀ ਹਾਲਤ ਤੋਂ ਬੱਚ ਸਕਦਾ ਹੈ।ਇਸ ਨਾਵਲ ਨੂੰ ਨਾਵਲ ਕਲਾ ਦਾ ਉੱਤਮ ਨਮੂਨਾ ਕਿਹਾ ਗਿਆ ਹੈ।----ਪਰ ਅਸੀਂ ਇਸ ਬਹਾਨੇ ਗੁਰਬਾਣੀ ਸੰਗ ਵਿਚਰਦਿਆਂ ਸਤਸੰਗ ਕਰ ਲਿਆ ਹੈ।

**ਭੁੱਲ ਚੁੱਕ ਖਿਮਾ**



**ਜਾਗੀਰ ਸਿੰਘ**

# ਸਿੱਖ ਧਰਮ ਵਿਚ ਸੇਵਾ

**ਜਾਗੀਰ ਸਿੰਘ**

ਸਮਾਜ ਵਿਚ ਸੇਵਾ ਇਕ ਮਹੱਤਵਪੂਰਨ ਕਰਮ ਹੈ। ਅੱਜ ਦੇ ਸਮਾਜ ਵਿਚ ਇਸ ਜਜ਼ਬੇ ਭਰੇ ਕੰਮ ਦੀ ਮਹੱਤਤਾ ਘਟ ਰਹੀ ਹੈ, ਪਰ ਪੁਰਾਤਨ ਸਮਾਜ ਵਿਚ ਇਸ ਦੀ ਬਹੁਤ ਮਹੱਤਤਾ ਰਹੀ ਹੈ। ਪੁਰਾਤਨ ਸਮਾਜ ਵਿਚ ਅਤੇ ਅੱਜ ਵੀ ਇਹ ਸ਼ਬਦ ਕਾਮੇ ਵਰਗ ਦੇ ਲੋਕਾਂ ਲਈ ਪ੍ਰਯੋਗ ਕੀਤਾ ਜਾਂਦਾ ਰਿਹਾ ਹੈ। ਹਾਕਮ ਵਰਗ ਕਾਮੇ ਵਰਗ ਦੇ ਲੋਕਾਂ ਕੋਲੋਂ ਸੇਵਾ ਕਰਵਾਉਣਾ ਆਪਣਾ ਹੱਕ ਸਮਝਦਾ ਸੀ। ਇਸੇ ਆਧਾਰ ’ਤੇ ਬ੍ਰਾਹਮਣਾਂ ਨੇ ਵਰਗ ਵੰਡ ਕਰ ਦਿੱਤੀ ਅਤੇ ਸ਼ੂਦਰਾਂ ਨੂੰ ਹੋਰ ਕੁਝ ਨਾ ਮਿਲਿਆ, ਸਿਵਾਇ ਸੇਵਾ ਕਰਨ ਦੇ ‘ਹੱਕ’ ਦੇ।

ਵੇਦਾਂ ਦਾ ਅਧਿਐਨ ਅਤੇ ਅਧਿਆਪਨ, ਧਾਰਮਿਕ ਰਸਮਾਂ ਅਤੇ ਕਰਮਕਾਂਡਾਂ ਨੂੰ ਕਰਾਉਣਾ, ਯੱਗ ਕਰਾਉਣਾ, ਇਨਾਮ ਅਤੇ ਭੇਟਾਵਾਂ ਪਰਵਾਨ ਕਰਨਾ ਬ੍ਰਾਹਮਣਾਂ ਦਾ ਕੰਮ ਸੀ। ਉਹ ਧਰਤੀ ਉੱਤੇ ਰਹਿਣ ਵਾਲੇ ਦੇਵਤਾ ਸਨ। ਉਨ੍ਹਾਂ ਦੇ ਅਧਿਕਾਰ ਇੰਨੇ ਪਵਿੱਤਰ ਸਨ ਕਿ ਸਮਾਂ ਪਾ ਕੇ ਉਹ, ਦੂਜਿਆਂ ਨੂੰ ਲੁਟਣ, ਐਸ਼ ਆਰਾਮ ਦੀ ਜ਼ਿੰਦਗੀ ਬਤੀਤ ਕਰਨ ਅਤੇ ਆਪਣੇ ਆਪ ਨੂੰ ਮਾਲਾ ਮਾਲ ਕਰਨ ਲਈ ਆਜ਼ਾਦ ਹੋ ਗਏ ਅਤੇ ਉਹ ਵੀ ਧਰਮ ਦੇ ਨਾਂ ’ਤੇ। ਖ਼ੱਤਰੀਆਂ ਨੂੰ ਆਪਣੇ ਰਾਜ-ਭਾਗ ਦੀ ਰਖਵਾਲੀ ਕਰਨੀ ਪੈਂਦੀ ਸੀ। ਵਪਾਰ ਆਦਿ ਦਾ ਕੰਮ ਵੈਸ਼ਾਂ ਦਾ ਸੀ। ਇਨ੍ਹਾਂ ਤਿੰਨਾਂ ਵਰਗਾਂ ਦੀ ਸੇਵਾ ਕਰਨਾ ਅਤੇ ਉਹ ਵੀ ਬਿਨਾਂ ਕਿਸੇ ਤਰ੍ਹਾਂ ਦੀ ਹਿਚਕਚਾਹਟ ਦੇ ਸ਼ੂਦਰਾਂ ਦਾ ਕੰਮ ਸੀ।[1]

ਉਪਰ ਵਾਲੇ ਤਿੰਨੇ ਵਰਗ ਇਹ ਨਹੀਂ ਸੀ ਚਾਹੁੰਦੇ ਕਿ ਸ਼ੂਦਰਾਂ ਨੂੰ ਕੋਈ ਗਿਆਨ ਹਾਸਲ ਹੋਵੇ।

ਬ੍ਰਿਹਦਾਰਣਿਕ ਉਪਨਿਸ਼ਦ[2] ਵਿਚ ਲਿਖਿਆ ਹੋਇਆ ਹੈ:

ਜਿਹੜਾ ਇਹ ਸਮਝ ਲੈਂਦਾ ਹੈ ਕਿ 'ਮੈਂ ਹੀ ਬ੍ਰਹਮ ਹਾਂ' ਉਹ ਆਪ (ਬ੍ਰਹਮ) ਬਣ ਜਾਂਦਾ ਹੈ। ਫਿਰ ਦੇਵਤੇ ਵੀ ਉਸਨੂੰ ਨਹੀਂ ਰੋਕ ਸਕਦੇ, ਕਿਉਂਕਿ ਉਹ ਉਹਨਾਂ ਦੀ ਵੀ ਆਤਮਾ ਬਣ ਜਾਂਦਾ ਹੈ। ਜਿਹੜਾ ਕੋਈ ਇਹ ਸੋਚ ਕੇ ਕਿ ਉਹ ਹੋਰ ਹੈ ਅਤੇ ਬ੍ਰਹਮ ਹੋਰ ਹੈ, ਕਿਸੇ ਹੋਰ ਦੇਵਤੇ (ਆਪਣੇ ਤੋਂ ਬਿਨਾਂ) ਦੀ ਪੂਜਾ ਕਰਦਾ ਹੈ ਉਹ ਅਗਿਆਨੀ ਹੈ। ਦੇਵਤਿਆਂ ਲਈ ਉਹ ਪਸ਼ੂ ਵਾਂਗ ਹੈ। ਜਿਸ ਤਰ੍ਹਾਂ ਕਈ ਪਸ਼ੂ ਇਕ ਮਨੁੱਖ ਦੀ ਸੇਵਾ ਕਰਦੇ ਹਨ, ਉਸੇ ਤਰ੍ਹਾਂ ਹਰ ਮਨੁੱਖ ਦੇਵਤਿਆਂ ਦੀ ਸੇਵਾ ਕਰਦਾ ਹੈ। ਜੇ ਇਕ ਵੀ ਪਸ਼ੂ ਸੇਵਾ ਕਰਨ ਤੋਂ ਹਟਾ ਲਿਆ ਜਾਵੇ ਤਾਂ ਮਨੁੱਖ ਨੂੰ ਬੜਾ ਕ੍ਰੋਧ ਆਉਂਦਾ ਹੈ। ਇਸੇ ਤਰ੍ਹਾਂ ਦੇਵਤਿਆਂ ਨੂੰ ਇਹ ਪਸੰਦ ਨਹੀਂ ਸੀ ਕਿ ਕੋਈ ਮਨੁੱਖ ਬ੍ਰਹਮ ਦਾ ਰਹੱਸ ਜਾਣੇ ਅਤੇ ਉਹਨਾਂ ਦੀ ਸੇਵਾ ਕਰਨੀ ਛੱਡ ਦੇਵੇ।

ਡਾਕਟਰ ਰਾਧਾਕ੍ਰਿਸ਼ਨਨ[3] ਨੇ ਇਸ ਉੱਤੇ ਟਿੱਪਣੀ ਕਰਦਿਆਂ ਲਿਖਿਆ ਹੈ:

ਦੇਵਤਿਆਂ ਨੂੰ ਇਹ ਪਸੰਦ ਨਹੀਂ ਕਿ ਮਨੁੱਖ ਪਰਮ ਸੱਚ ਨੂੰ ਜਾਣ ਲੈਣ ਕਿਉਂਕਿ ਫਿਰ ਉਹ ਦੇਵਤਿਆਂ ਦੀ ਪਤਲੀ ਹਾਲਤ ਨੂੰ ਜਾਣ ਲੈਣਗੇ, ਅਤੇ ਉਹਨਾਂ ਦੀ ਪੂਜਾ ਕਰਨੀ ਅਤੇ ਭੇਟਾ ਚੜ੍ਹਾਉਣੀ ਬੰਦ ਕਰ ਦੇਣਗੇ।

ਸੰਸਕ੍ਰਿਤ ਸਾਹਿਤ ਵਿਚ ਤਾਂ ਇਹ ਵੀ ਲਿਖਿਆ ਮਿਲਦਾ ਹੈ ਕਿ ਜੋ ਕੋਈ ਸੂਦਰ ਵੇਦ ਪੜ੍ਹਣ ਦੀ ਕੋਸ਼ਿਸ਼ ਕਰਦਾ ਸੀ ਤਾਂ ਉਹਨੂੰ ਬੜੀ ਭਿਆਨਕ ਸਜ਼ਾ ਦਿੱਤੀ ਜਾਂਦੀ ਸੀ।

ਧਰਮ ਦੇ ਖੇਤਰ ਵਿਚ ਸੇਵਾ ਨਾਲ ਮਿਲਦੇ ਜੁਲਦੇ ਕੁਝ ਹੋਰ ਸੰਕਲਪ ਵੀ ਵਾਚਣ ਯੋਗ ਹਨ ਜਿਵੇਂ ਉਪਕਾਰ, ਦਇਆ ਅਤੇ ਦਾਨ ਆਦਿ। ਇਹ ਸੰਕਲਪ ਹਾਕਮ ਸ਼੍ਰੇਣੀ ਦੇ ਲੋਕਾਂ ਨਾਲ ਸੰਬੰਧਿਤ ਹਨ। ਇਹਨਾਂ ਸੰਕਲਪਾਂ ਦੀ ਹੋਂਦ ਹਾਕਮ ਅਤੇ ਹਕੂਮਤ ਦੇ ਆਸਰੇ ਖੜੀ ਹੈ। ਹਾਕਮ ਲਈ ਕੁਝ ਹੋਰ ਲੋੜਵੰਦ ਅਜਿਹੇ ਹੋਣੇ

ਚਾਹੀਦੇ ਹਨ ਜਿਨ੍ਹਾਂ ਉੱਤੇ ਉਪਕਾਰ ਕੀਤਾ ਜਾ ਸਕੇ ਅਤੇ ਜਿਹੜੇ ਦਇਆ ਦੇ ਪਾਤਰ ਹੋਣ ਅਤੇ ਜਿਹਨਾਂ ਨੂੰ ਦਾਨ ਦਿੱਤਾ ਜਾ ਸਕੇ।

ਗੁਰੂ ਸਾਹਿਬਾਨ ਨੇ ਇਹਨਾਂ ਪੁਰਾਣੇ ਸੰਕਲਪਾਂ ਨੂੰ ਪ੍ਰਯੋਗ ਜ਼ਰੂਰ ਕੀਤਾ ਪਰ ਇਹਨਾਂ ਦਾ ਪ੍ਰਸੰਗ ਬਦਲ ਦਿੱਤਾ। ਉਹ ਸ਼ੂਦਰਾਂ ਨੂੰ ਨੀਚ ਨਹੀਂ ਸਨ ਸਮਝਦੇ; ਸਗੋਂ ਪਰਮਾਤਮਾ ਦਾ ਰੂਪ ਸਮਝਦੇ ਸਨ। ਜਿਹੜਾ ਰਹੱਸ ਬ੍ਰਾਹਮਣਾਂ ਨੇ ਆਮ ਲੋਕਾਂ ਤੋਂ ਛਿਪਾਈ ਰੱਖਿਆ, ਗੁਰੂ ਸਾਹਿਬਾਨ ਅਤੇ ਭਗਤੀ ਲਹਿਰ ਦੇ ਹੋਰ ਮਹਾਂਪੁਰਖਾਂ ਨੇ ਉਸਨੂੰ ਪ੍ਰਗਟ ਕਰ ਦਿੱਤਾ। ਉਹਨਾਂ ਸਾਫ਼ ਕਹਿ ਦਿੱਤਾ:

ਕਾਹੇ ਰ ਬਨ ਖੋਜਨ ਜਾਈ॥
ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ॥
ਪੁਹਪ ਮਧਿ ਜਿਉ ਬਾਸੁ ਬਸਤ ਹੈ ਮੁਕਰ ਮਾਹਿ ਜੈਸੇ ਛਾਈ॥
ਤੈਸੇ ਹੀ ਹਰਿ ਬਸਹਿ ਨਿਰੰਤਰਿ ਘਟ ਹੀ ਖੋਜਹੁ ਭਾਈ॥ (ਪੰ: 684)
ਫਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣਿ ਕੰਡਾ ਮੋੜੇਹਿ॥
ਵਸੀ ਰਬ ਹਿਆਲੀਐ ਜੰਗਲ ਕਿਆ ਢੂਢੇਹਿ॥ (ਪੰ: 1378)

ਉਹਨਾਂ ਦਸ ਦਿੱਤਾ ਕਿ ਸਾਰੇ ਮਨੁੱਖ ਰਾਮ ਦੀ ਅੰਸ਼ ਹਨ, ਇਸ ਲਈ ਸਾਰੇ ਬਰਾਬਰ ਹਨ। ਉਹਨਾਂ ਨੇ ਮਨੁੱਖ ਨੂੰ ਕਿਸੇ ਉਸ ਬੰਦੇ ਦੀ ਸੇਵਾ ਕਰਨ ਤੋਂ ਵਰਜਿਆ, ਜਿਹੜਾ ਬੰਦੇ-ਬੰਦੇ ਵਿਚ ਫਰਕ ਕਰਦਾ ਹੈ। ਜਿਹੜਾ ਆਪਣੇ ਆਪ ਨੂੰ 'ਉੱਚ' ਅਤੇ ਦੂਜਿਆਂ ਨੂੰ 'ਨੀਵਾਂ' ਸਮਝਦਾ ਹੈ। ਬਾਣੀਕਾਰਾਂ ਨੇ ਆਪਣੇ ਆਪ ਨੂੰ 'ਨੀਚਾਂ' ਵਾਲੇ ਪਾਸੇ ਦਸਦਿਆ ਲਿਖਿਆ:

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥

ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥ (ਪੰ: 15)

ਸਗੋਂ ਉਹਨਾਂ ਇਹ ਕਿਹਾ ਕਿ ਪਰਮਾਤਮਾ ਦੀ ਮਿਹਰ ਵੀ ਉਥੇ ਹੁੰਦੀ ਹੈ ਜਿਥੇ 'ਨੀਚ' ਲੋਕਾਂ ਦਾ ਵਾਸ ਹੁੰਦਾ ਹੈ:

ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ ॥ (ਪੰ: 15)

ਗੁਰੂ ਗ੍ਰੰਥ ਸਾਹਿਬ ਵਿਚ ਸੇਵਾ ਕੇਵਲ ਪਰਮਾਤਮਾ ਜਾਂ ਗੁਰੂ ਦੀ ਕਰਨੀ ਲਿਖੀ ਹੈ:

ਕਰਿ ਸੇਵਾ ਪਾਰਬ੍ਰਹਮ ਗੁਰ ਭੂਖ ਰਹੈ ਨ ਕਾਈ ॥ (ਪੰ: 318)

ਹੁਣ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਪਰਮਾਤਮਾ ਪਾਰਬ੍ਰਹਮ ਦੀ ਸੇਵਾ ਕਿਵੇਂ ਕੀਤੀ ਜਾਵੇ ? ਪਰਮਾਤਮਾ ਤਾਂ ਨਿਰਾਕਾਰ ਹੈ:

ਰੂਪ ਨਾ ਰੇਖ ਨ ਰੰਗ ਕਿਛੁ ਤ੍ਰਿਹੁ ਗੁਣ ਤੇ ਪ੍ਰਭ ਭਿੰਨ ॥ (ਪੰ: 283)

ਚਕ੍ਰ ਚਿਹਨ ਅਰ ਬਰਨ ਜਾਤ ਅਰ ਪਾਤ ਨਹਿਨ ਜਿਹ ॥

ਰੂਪ ਰੰਗਿ ਅਰ ਰੇਖ ਭੇਖ ਕੋਊ ਕਹਿ ਨਾ ਸਕਤ ਕਹਿ ॥ (ਜਾਪੁ ਸਾਹਿਬ)

ਪਰ ਗੁਰਬਾਣੀ ਵਿਚ ਇਹ ਵੀ ਲਿਖਿਆ ਹੈ:

ਫਰੀਦਾ ਖਾਲਕੁ ਖਲਕ ਮਹਿ ਖਲਕ ਵਸੈ ਰਬ ਮਾਹਿ ॥ (ਪੰ: 1381)

ਇਸ ਲਈ ਖਲਕਤ ਦੀ ਸੇਵਾ ਕਰਨੀ ਹੀ ਪਰਮਾਤਮਾ ਦੀ ਸੇਵਾ ਕਰਨੀ ਹੈ। ਗੁਰੂ ਸਾਹਿਬਾਨ ਨੇ ਸਿੱਖ ਧਰਮ ਨੂੰ ਸੰਗਤੀ ਧਰਮ ਬਣਾਇਆ ਹੈ। ਇਸ ਧਰਮ ਵਿਚ ਸੰਗਤ ਦਾ ਵਿਸ਼ੇਸ਼ ਸਥਾਨ ਹੈ। ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ ਸੰਗਤ ਦੇ ਜੁੜਨ ਲਈ ਧਰਮਸ਼ਾਲਾਵਾਂ ਦੀ ਸਥਾਪਨਾ ਆਰੰਭ ਹੋ ਗਈ ਸੀ।

ਭਾਈ ਗੁਰਦਾਸ ਜੀ ਦਾ ਕਥਨ ਹੈ:

ਘਰਿ ਘਰਿ ਅੰਦਰਿ ਧਰਮਸਾਲ ਹੋਵੈ ਕੀਰਤਨ ਸਦਾ ਵਿਸੋਆ॥ (ਵਾਰ 1, ਪ: 27)

ਜਿਥੇ ਧਰਮਸਾਲਾ ਬਣੀ ਉਥੇ ਸੇਵਾ ਦਾ ਮੌਕਾ ਮਿਲਿਆ। ਇਸ ਸੇਵਾ ਨਾਲ ਕਿਸੇ ਨੂੰ ਹੰਕਾਰ ਨਹੀਂ ਸੀ ਆਉਂਦਾ। ਇਹ ਸੇਵਾ ਕਿਸੇ ਮਜਬੂਰੀ ਅਧੀਨ ਵੀ ਨਹੀਂ ਕੀਤੀ ਜਾਂਦੀ ਸੀ। ਇਹ ਪ੍ਰੇਮ ਨਾਲ ਕੀਤੀ ਜਾਂਦੀ ਸੀ।

ਮੈ ਬਧੀ ਸਚੁ ਧਰਮਸਾਲ ਹੈ॥

ਗੁਰ ਸਿਖਾਂ ਲਹਦਾ ਭਾਲਿ ਕੈ॥

ਪੈਰ ਧੋਵਾ ਪਖਾ ਫੇਰਦਾ ਤਿਸੁ ਨਿਵਿ ਨਿਵਿ ਲਗਾ ਪਾਇ ਜੀਉ॥ (ਪੰ: 23)

ਇੱਥੇ ਸੰਗਤ ਵਿਚ ਆਉਣ ਵਾਲਿਆਂ ਦੀ ਸੇਵਾ ਕੀਤੀ ਜਾਂਦੀ ਸੀ। ਸੰਗਤ ਵਿਚ ਆਉਣ ਵਾਲਾ ਹਰ ਮਨੁੱਖ ਇਕ ਸਿੱਖ ਸੀ। ਗੁਰੂ ਦੇ ਰਾਹ ਉੱਤੇ ਚਲਣ ਵਾਲਾ ਸੀ। ਕੋਈ ਊਚ ਨਹੀਂ ਸੀ, ਕੋਈ ਨੀਚ ਨਹੀਂ ਸੀ ਅਤੇ ਇਥੇ ਕਰਨ ਵਾਲੇ ਕੰਮ ਵੀ ਇਹੋ ਜਿਹੇ ਨਹੀਂ ਸਨ, ਜਿਨ੍ਹਾਂ ਨੂੰ ਕੋਈ ਅਮੀਰ ਹੀ ਕਰ ਸਕੇ। ਧਰਮਸਾਲਾ ਅਤੇ ਸੇਵਾ ਬਾਰੇ ਪੁਰਾਤਨ ਸਾਖੀਆਂ ਵਿਚ ਵੀ ਜ਼ਿਕਰ ਮਿਲਦਾ ਹੈ। ਇਕ ਸਾਖੀ ਵਿਚ ਗੁਰੂ ਨਾਨਕ ਦੇਵ ਜੀ ਬਚਨ ਕਰਦੇ ਹਨ:

ਹਰ ਇਕ ਧਰਮਸਾਲਾ ਮੈ ਜੋ ਕੋਈ ਮਨੁੱਖ ਸੇਵਾ ਕਰੇਗਾ, ਜਲ ਭਰੇਗਾ, ਧਰਮਸਾਲਾ ਮੈ ਦੀਪ ਜਗਾਵੇਗਾ, ਝਾੜੂ ਕਰਗਾ, ਉਸ ਕਾ ਮਨ ਨਿਰਮਲ ਹੋਵੇਗਾ, ਪਾਪ ਦੂਰ ਹੋਵਨਗੇ, ਅੰਤ ਸਮੇਂ ਸਦਗਤਿ ਦਾ ਅਧਿਕਾਰੀ ਹੋਵੇਗਾ।[4]

ਧਰਮਸਾਲਾ ਅੰਦਰ ਸੇਵਾ ਕਰਨ ਬਾਰੇ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਕਥਨ ਹੈ:

ਕਮਾਵਾਂ ਤਿਨ ਕੀ ਕਾਰ ਸਰੀਰ ਪਵਿਤੁ ਹੋਇ ॥
ਪਖਾ ਪਾਣੀ ਪੀਸ ਬਿਗਸਾਂ ਪੈਰ ਧੋਇ ॥
ਆਪਹੁ ਕਿਛੂ ਨ ਹੋਇ ਪ੍ਰਭ ਨਦਰ ਨਿਹਾਲਿਐ ॥
ਮੋਹਿ ਨਿਰਗੁਣ ਦਿਚੈ ਥਾਉਂ ਸੰਤ ਧਰਮਸਾਲੀਐ ॥ (ਪੰ: 518)

ਬਾਅਦ ਵਿਚ ਧਰਮਸਾਲਾ ਨੂੰ ਗੁਰਦੂਆਰੇ ਕਿਹਾ ਜਾਣ ਲੱਗ ਪਿਆ। ਇਕ ਆਦਰਸ਼ਕ ਧਰਮਸਾਲਾ ਅਤੇ ਗੁਰਦੁਆਰੇ ਬਾਰੇ ਭਾਈ ਕਾਹਨ ਸਿੰਘ ਨਾਭਾ ਲਿਖਦੇ ਹਨ:

"ਸੱਚੀ ਧਰਮਸਾਲਾ ਉਹ ਹੈ ਜਿਥੇ ਸਭ ਨੂੰ ਸਵਾਗਤ ਅਤੇ ਧਰਮ ਦਾ ਪ੍ਰਚਾਰ ਹੁੰਦਾ ਹੈ। ਇਸ ਤੋਂ ਵਿਰੁੱਧ ਜਿਸ ਥਾਂ ਈਰਖਾ, ਦਵੈਸ਼, ਧੜੇਬੰਦੀ ਅਰ ਖੱਟੀ ਲਈ ਦੁਕਾਨ ਜਮਾਈ ਜਾਂਦੀ ਹੈ, ਅਰ ਆਪਣੀ ਮਲਕੀਅਤ ਥਾਪ ਕੇ ਪੰਥ ਨੂੰ ਜਵਾਬ ਦਿੱਤਾ ਹੈ, ਉਹ ਪਾਪਸ਼ਾਲਾ ਹੈ।"5

"ਸਿੱਖਾਂ ਦਾ ਗੁਰਦੁਆਰਾ, ਵਿਦਿਆਰਥੀਆਂ ਲਈ ਸਕੂਲ, ਆਤਮਾ ਜਗਿਆਸਾ ਵਾਲਿਆਂ ਲਈ ਗਿਆਨ ਉਪਦੇਸ਼ਕ ਅਚਾਰੀਆ, ਰੋਗੀਆਂ ਲਈ ਸ਼ਫ਼ਾਖਾਨਾ, ਭੁੱਖਿਆਂ ਲਈ ਅੰਨ ਪੂਰਨਾ, ਇਸਤ੍ਰੀ ਜਾਤ ਦੀ ਪਤ ਲਈ ਲੋਹਮਈ ਦੁਰਗ ਅਤੇ ਮੁਸਾਫ਼ਰਾਂ ਲਈ ਵਿਸ਼ਰਾਮ ਦਾ ਅਸਥਾਨ ਹੈ।"6

ਇਸ ਤਰ੍ਹਾਂ ਗੁਰਦੁਆਰੇ ਵਿਚ ਵਿਦਿਆ ਕੇਂਦਰ, ਗਿਆਨ ਭੰਡਾਰ, ਹਸਪਤਾਲ, ਲੰਗਰ, ਨਿਤਾਣਿਆਂ ਦੀ ਰੱਖਿਆ ਦਾ ਪ੍ਰਬੰਧ ਅਤੇ ਸਰਾਂ ਹੋਣੀ ਜ਼ਰੂਰੀ ਹੈ। ਇਥੇ ਸੇਵਾ ਦੇ ਅਨੇਕਾਂ ਮੌਕੇ ਹਨ। ਹੁਣ ਤਕ ਸਿੱਖਾਂ ਦੇ ਗੁਰਦੁਆਰਿਆਂ ਵਿਚ ਇਹ ਸਾਰਾ ਕੁਝ ਹੁੰਦਾ ਵੀ ਆਇਆ ਹੈ।

ਲੰਗਰ ਦੀ ਪ੍ਰਥਾ ਗੁਰੂ ਸਾਹਿਬਾਨ ਦੇ ਵੇਲੇ ਤੋਂ ਹੀ ਪ੍ਰਚੱਲਿਤ ਹੈ। ਗੁਰੂ ਅੰਗਦ ਦੇਵ ਜੀ ਦੇ ਸਮੇਂ ਲੰਗਰ ਦੀ ਸੇਵਾ ਬਾਰੇ ਬਲਵੰਡ ਰਬਾਬੀ ਲਿਖਦਾ ਹੈ:

ਲੰਗਰ ਚਲੈ ਗੁਰ ਸਬਦਿ ਹਰਿ ਤੋਟਿ ਨ ਆਵੀ ਖਟੀਐ ॥

... ... ...

ਲੰਗਰਿ ਦਉਲਤਿ ਵੰਡੀਐ ਰਸ ਅੰਮ੍ਰਿਤੁ ਖੀਰ ਘਿਆਲੀ ॥ (ਪੰ: 967)

ਉਸ ਵੇਲੇ ਆਟਾ ਹੱਥ-ਚੱਕੀਆਂ ਨਾਲ ਪੀਸਿਆ ਜਾਂਦਾ ਸੀ, ਪਾਣੀ ਦੀ ਕਿੱਲਤ ਹੁੰਦੀ ਸੀ। ਗਰਮੀ ਵਿਚ ਪੱਖੇ ਦੀ ਲੋੜ ਹੁੰਦੀ ਸੀ। ਇਸ ਕਰਕੇ ਗੁਰਬਾਣੀ ਵਿਚ ਇਹਨਾਂ ਸੇਵਾਵਾਂ ਦਾ ਬਹੁਤ ਵਾਰ ਜ਼ਿਕਰ ਆਇਆ ਹੈ :

ਪਖਾ ਫੇਰੀ ਪਾਣੀ ਢੋਵਾ ਹਰਿ ਜਨ ਕੈ ਪੀਸਣੁ ਪੀਸ ਕਮਾਵਾ ॥ (ਪੰਨਾ 749)

ਪਾਣੀ ਪਖਾ ਪੀਸੁ ਦਾਸ ਕੈ ਤਬ ਹੋਇ ਨਿਹਾਲੁ ॥ (ਪੰ: 811)

ਭਾਈ ਸੰਤੋਖ ਸਿੰਘ ਜੀ[7] ਗੁਰੂ ਹਰਿ ਰਾਇ ਜੀ ਦੇ ਲੰਗਰ ਸੰਬੰਧੀ ਉਪਦੇਸ਼ ਨੂੰ ਕਲਮਬੰਦ ਕਰਦੇ ਹਨ :

ਸ੍ਰੀ ਸਤਿਗੁਰ ਹਰਿ ਰਾਇ ਜੀ ਸਿਖਨ ਦੇ ਉਪਦੇਸ਼।
ਗੁਰੂ ਨਮਿਤ ਲੰਗਰ ਕਰਹੁ ਹੂਇ ਕਲਿਆਨ ਵਿਸ਼ੇਸ਼।
ਇਸ ਸਤਿਗੁਰ ਤੇ ਸੁਨ ਸਿਖ ਜਾਵੈ।
ਨਿਜ ਨਿਜ ਗ੍ਰਿਹ ਲੰਗਰ ਵਰਤਾਵੈ।
ਭੂਖਾ ਰਹਿਨ ਨ ਕੋਈ ਪਾਇ।
ਸਭ ਸੰਗਤ ਕੋ ਦੇ ਤ੍ਰਿਪਤਾਇ।
ਪੁਰ ਗ੍ਰਾਮਨ ਮਹਿ ਗੁਰ ਸਿਖ ਜਹਾ।
ਛੁਧਿਤ ਸੁ ਭੋਜਨ ਪ੍ਰਾਪਤ ਤਹਾ।
ਨਿਰਧਨ ਰੰਕ ਅਨਾਥ ਮਹਾਨੇ।

ਅੰਗ ਭੰਗ ਹੁਇ ਮਿਲੈ ਨ ਖਾਨੇ।

ਪਰ ਇਹ ਲੰਗਰ ਉਸ ਤਰ੍ਹਾਂ ਭੰਡਾਰੇ ਨਹੀਂ ਸੀ ਹੁੰਦੇ ਜਿਵੇਂ ਮਲਕ ਭਾਗੋ ਨੇ ਕੀਤਾ ਸੀ। ਇਹਨਾਂ ਵਿਚ ਲੁੱਟ ਦਾ ਪੈਸਾ ਜਾਂ ਪਦਾਰਥ ਪ੍ਰਯੋਗ ਨਹੀਂ ਸੀ ਕੀਤੇ ਜਾਂਦੇ। ਗੁਰੂ ਘਰ ਵਿਚ ਹਰਾਮ ਦੀ ਕਮਾਈ ਪਰਵਾਨ ਨਹੀਂ। ਗੁਰਬਾਣੀ ਵਿਚ ਲਿਖਿਆ ਹੈ :

ਘਾਲਿ ਖਾਇ ਕਿਛੁ ਹਥਹੁ ਦੇਇ॥

ਨਾਨਕ ਰਾਹੁ ਪਛਾਣਹਿ ਸੇਇ॥ (ਪੰ: 1245)

ਇਹਨਾਂ ਲੰਗਰਾਂ ਵਿਚ ਹੱਥੀਂ ਸੇਵਾ ਕਰਨ ਦਾ ਬਹੁਤ ਮਹੱਤਵ ਸਮਝਿਆ ਜਾਂਦਾ ਸੀ।ਅੰਨ-ਧੰਨ ਤਾਂ ਪਹਿਲਾਂ ਹੀ ਗੁਰੂ ਦਾ ਸਮਝਿਆ ਜਾਂਦਾ ਹੈ ਅਤੇ ਸਿੱਖਾਂ ਦੀ ਟਹਿਲ ਸੇਵਾ ਹੀ ਪਰਵਾਨ ਹੁੰਦੀ ਹੈ। ਭਾਈ ਗੁਰਦਾਸ ਜੀ ਉਚਾਰਦੇ ਹਨ:

ਗੁਰ ਸਿਖਾ ਗੁਰ ਸਿਖ ਸੇਵਾ ਲਾਇਆ।

ਸਾਧਸੰਗਤਿ ਕਰਿ ਸੇਵ ਸੁਖ ਫਲ ਪਾਇਆ।

ਤਪੜੁ ਝਾੜਿ ਵਿਛਾਇ ਧੂੜੀ ਨਾਇਆ।

ਕੋਰੇ ਮੱਟ ਅਣਾਇ ਨੀਰੁ ਭਰਾਇਆ।

ਆਣਿ ਮਹਾਪਰਸਾਦ ਵੰਡਿ ਖੁਆਇਆ। (ਵਾਰ 20, ਪਉ: 10)

ਜੇ ਕੋਈ ਸੰਗਤ ਨੂੰ ਕੇਵਲ ਛੋਲੇ ਹੀ ਖੁਆ ਸਕਦਾ ਹੈ ਤਾਂ ਉਸ ਦਾ ਮਹਾਤਮ ਵੀ ਲੱਖ ਹੋਮ ਜੱਗਾਂ ਦੇ ਬਰਾਬਰ ਦੱਸਿਆ ਗਿਆ ਹੈ:

ਹੋਮ ਜਗ ਲਖ ਭੋਗ ਚਣੇ ਚਬਾਵਣੀ॥ (ਵਾਰ 14, ਪਉ: 19)

ਅੱਜ ਕੱਲ੍ਹ ਲਗਭਗ ਹਰ ਗੁਰਦੁਆਰੇ ਵਿਚ ਲੰਗਰ ਦਾ ਪ੍ਰਬੰਧ ਹੈ। ਪਰ ਇਸ ਲੰਗਰ ਵਿਚ ਅੱਜ ਦੇ ਯੁਗ ਅਨੁਸਾਰ ਸੁਧਾਰ ਕਰਨ ਦੀ ਲੋੜ ਹੈ। ਗੁਰਪੁਰਬਾਂ ਤੇ ਕਈ ਵਾਰ ਦੇਖਣ ਵਿਚ ਆਇਆ ਹੈ ਕਿ ਲੰਗਰ ਵਿਚ ਭੀੜ ਸਮੇਂ ਧੱਕਾ-ਮੁੱਕੀ ਚਲ ਜਾਂਦੇ ਹਨ। ਜਿਹੜੇ ਲੋਕ ਲੰਗਰ ਦੇ ਅਧਿਕਾਰੀ ਹਨ ਉਹ ਬਾਹਰ ਖੜੇ ਹੁੰਦੇ ਹਨ ਅਤੇ ਉਹਨਾਂ ਨੂੰ ਬਚਿਆ ਖੁਚਿਆ ਲੰਗਰ ਦਿੱਤਾ ਜਾਂਦਾ ਹੈ। ਕਈ ਵਾਰ ਤਾਂ ਪੰਜਾਬ ਤੋਂ ਬਾਹਰਲੇ ਸੂਬਿਆਂ ਵਿਚ ਪੱਤਲਾਂ ਵਿਚ ਕੁਝ ਲੋਕ ਜੂਠਾ ਭੋਜਨ ਇਕੱਠਾ ਕਰਦੇ ਵੀ ਨਜ਼ਰ ਆਉਂਦੇ ਹਨ। ਕਿੰਨਾ ਚੰਗਾ ਹੋਵੇ ਜੇ ਅਜਿਹੇ ਲੋੜਵੰਦ ਲੋਕਾਂ ਦੀ ਭੁੱਖ ਦੂਰ ਕਰਨ ਦਾ ਸਥਾਈ ਜਤਨ ਕੀਤਾ ਜਾਵੇ ਤਾਂ ਇਹ ਇਕ ਨਿੱਗਰ ਸੇਵਾ ਹੋਵੇਗੀ। ਪਰ ਜੇ ਅਜੋਕੇ ਰਾਜ-ਪ੍ਰਬੰਧ ਅਧੀਨ ਅਜਿਹਾ ਨਾ ਕੀਤਾ ਜਾ ਸਕੇ ਤਾਂ ਅਜਿਹੇ ਸਮਾਗਮਾਂ ਤੇ ਪਹਿਲਾਂ ਗਰੀਬ ਲੋਕਾਂ ਨੂੰ ਰੱਜ ਕੇ ਭੋਜਨ ਛਕਾਇਆ ਜਾਵੇ ਫਿਰ ਆਪ ਸਿੱਖ ਸੰਗਤਾਂ ਭੋਜਨ ਕਰਨ। ਇਹ ਚੰਗੇਰੀ ਸੇਵਾ ਹੋਵੇਗੀ।

ਪ੍ਰੇਮ ਸੁਮਾਰਗ ਵਿਚ ਲਿਖਿਆ ਹੈ ਕਿ 'ਪ੍ਰਸਾਦ ਜਬ ਤਿਆਰ ਹੋਇ ਏਕ ਜਗਾਹ ਅੱਛੀ ਬਨਾਇਕੇ ਸਤਰੰਜੀ ਕੰਬਲ ਲੋਈ ਕਿਛੁ ਹੇਠ ਕਪੜਾ ਹੋਵੈ ਵਿਛਾਏ, ਤਿਸ ਪਰ ਬੈਠ ਕਪੜਿਆਂ ਨਾਲ ਢਕੈ, ਚਉਂਕੇ ਕਾ ਭ੍ਰਮ ਨਾ ਕਰੈ, ਖਾਣਾ ਪੀਣਾ ਪਵਿੱਤਰ ਹੈ, ਅਕਾਲ ਦੀ ਬਖਸ਼ ਹੈ ਅਰ ਉਸ ਵਕਤ ਜੋ ਪ੍ਰਸਾਦ ਪਰੋਸ ਕੇ ਅੱਗੇ ਰੱਖੀਐ, ਧਿਆਨ ਪਰਮ ਗੁਰੂ ਕਾ ਕਰੋ, ਅਰ ਮਨ ਬਚ ਕ੍ਰਮ ਕਹੈ ਜੋ 'ਏ ਸ੍ਰੀ ਅਕਾਲ ਪੁਰਖ' ਕੋਈ ਜੀਅ ਤਲਬਦਾਰ ਭੇਜ ਜੋ ਖਾਲਸੇ ਕਾ ਇਹ (ਪ੍ਰਸਾਦ), ਪਵਿੱਤਰ ਹੋਵੈ ਕਬੂਲ ਹੋਵੇ ਅਤੇ ਜੇ ਕੋਈ ਸਹਿਜ ਆਵੈ ਤਾਂ ਜਾਣੈ ਜੋ ਆਪ ਬਣ ਆਇਆ ਹੈ, ਇਸ ਵਿਚ ਭੇਦ ਨਾਹੀ, ਅੱਛੀ ਜੁਗਤਿ ਨਾਲ ਆਦਰ ਨਾਲ

ਖੁਲਾਵੈ ਖੁਸ਼ੀ ਲੇਵੈ, ਜੋ ਕਟਾਚ ਆਪ ਤੇ ਕੋਈ ਨਾ ਆਵੇ ਤਾਂ ਇਕ ਅਹਾਰ ਪਰੋਸਵਾਇਕੈ ਪਹਿਲਾਂ ਹੀ ਜੁਦਾ ਕਰ ਛਡੇ, ਫੇਰ ਜੇ ਕੋਈ ਹਿੰਦੂ, ਮੁਸਲਮਾਨ, ਖਾਲਸਾ ਖੁਧਿਆਰਥੀ ਆਵੈ ਉਸ ਨੂੰ ਦੇਵੈ, ਏ ਪ੍ਰਸ਼ਾਦ ਦਰਗਾਹ ਕਬੂਲ ਪਵੰਦਾ ਹੈ, ਇਸ ਵਿਚ ਫੇਰ ਨਾਹੀ।"8

ਭਾਈ ਚੋਪਾ ਸਿੰਘ ਦੇ ਰਹਤਨਾਮੇ ਵਿਚ ਲਿਖਿਆ ਹੈ, "ਗੁਰੂ ਕਾ ਸਿੱਖ ਗਰੀਬ ਕੀ ਰਸਨਾ ਕੋ ਗੁਰੂ ਕੀ ਗੋਲਕ ਜਾਣੇ।"9ਅਸੀਂ ਉਸ ਗੁਰੂ ਕਾ ਲੰਗਰ ਆਪ ਹੀ ਛਕਣ ਦੀ ਕੋਸ਼ਿਸ਼ ਕਰਦੇ ਹਾਂ ਜਿਸ ਗੁਰੂ ਨੇ ਭੁੱਖੇ ਫ਼ਕੀਰਾਂ ਨੂੰ ਲੰਗਰ ਛਕਾਉਣ ਬਦਲੇ ਆਪਣੇ ਪਿਤਾ ਕੋਲੋਂ ਚੁਪੇੜਾਂ ਖਾਧੀਆਂ ਸਨ। ਕੀ ਅਸੀਂ ਗੁਰੂ ਦੀ ਉਸ ਭਾਵਨਾ ਨੂੰ ਸਮਝਦੇ ਹੋਏ ਲੰਗਰ ਦੀ ਪ੍ਰਥਾ ਨੂੰ ਜਾਰੀ ਰੱਖ ਰਹੇ ਹਾਂ ? ਸੇਵਾ ਸੰਬੰਧੀ ਵਿਚਾਰ ਕਰਦਿਆਂ ਇਹ ਪ੍ਰਸ਼ਨ ਵੀ ਧਿਆਨ ਵਿਚ ਰੱਖਣਾ ਚਾਹੀਦਾ ਹੈ। ਗੁਰਦੁਆਰੇ ਜਾ ਕੇ ਸੇਵਾ ਕਰਨ ਨਾਲ ਹੱਥ ਸਫਲ ਸਮਝੇ ਜਾਂਦੇ ਹਨ। ਭਾਈ ਗੁਰਦਾਸ ਜੀ ਵੱਖ-ਵੱਖ ਸੇਵਾਵਾਂ ਦਾ ਜ਼ਿਕਰ ਕਰਦਿਆਂ ਲਿਖਦੇ ਹਨ:

ਗੁਰਮੁਖ ਹਥਿ ਸਕਥ ਹਨਿ ਸਾਧ ਸੰਗਤਿ ਗੁਰ ਕਾਰ ਕਮਾਵੈ।
ਪਾਣੀ ਪੱਖਾ ਪੀਹਣਾ ਪੈਰ ਧੋਇ ਚਰਣਾਮ੍ਰਿਤ ਪਾਵੈ।
ਗੁਰਬਾਣੀ ਲਿਖਿ ਪੋਥੀਆਂ ਤਾਲ ਮ੍ਰਿਦੰਗ ਰਬਾਬ ਵਜਾਵੇ ।(ਵਾਰ 6, ਪਉ: 12)

ਪਾਣੀ ਢੋਣ, ਪੱਖਾ ਝੱਲਣ ਅਤੇ ਆਟਾ ਪੀਸਣ ਦੀ ਸੇਵਾ ਤੋਂ ਇਲਾਵਾ ਪੈਰ ਧੋਣ ਦੀ ਸੇਵਾ ਦਾ ਜ਼ਿਕਰ ਵੀ ਅਨੇਕਾਂ ਵਾਰ ਆਉਂਦਾ ਹੈ। ਇਥੇ ਪੈਰ ਕਿਸੇ ਮਹਾਂਪੁਰਖ ਦੇ ਹੀ ਨਹੀਂ ਧੋਤੇ ਜਾਂਦੇ ਸਗੋਂ ਜੋ ਵੀ ਗੁਰਦੁਆਰੇ ਆਉਂਦਾ ਹੈ, ਉਸ ਦੇ ਪੈਰ ਧੋਣ ਦੀ ਗੱਲ ਕੀਤੀ ਗਈ ਹੈ। ਪੁਰਾਤਨ ਕਾਲ ਵਿਚ ਲੋਕ ਦੂਰ ਦੂਰ ਤੋਂ ਪੈਦਲ ਚਲ ਗੁਰਦੁਆਰੇ ਆਉਂਦੇ ਸਨ। ਰਾਹ ਵਿਚ ਮਿੱਟੀ ਘੱਟਾ ਆਮ ਹੁੰਦਾ ਸੀ।

ਪੈਰ ਧੋਣ ਨਾਲ ਜਿਥੇ ਸਫ਼ਾਈ ਹੁੰਦੀ ਸੀ ਉਥੇ ਥਕਾਵਟ ਵੀ ਦੂਰ ਹੁੰਦੀ ਸੀ। ਪੈਰ ਧੋਣ ਦੀ ਸੇਵਾ ਕਰਨ ਵਾਲੇ ਦੇ ਮਨ ਵਿਚੋਂ ਹਉਮੈ ਦੀ ਮੈਲ ਵੀ ਦੂਰ ਹੁੰਦੀ ਸੀ। ਇੰਜ ਸੰਗਤ ਵਿਚ ਜੁੜਨ ਦਾ ਵਧੇਰੇ ਅਨੰਦ ਆਉਂਦਾ ਸੀ। ਗੁਰਬਾਣੀ ਦਾ ਪ੍ਰਭਾਵ ਵਧੇਰੇ ਪੈਂਦਾ ਸੀ। ਅੱਜ ਕਈ ਅਖੌਤੀ ਅਗਿਆਨੀ ਲੋਕ ਕਾਰਾਂ ਉੱਤੇ ਚੜ੍ਹਨ ਵਾਲੇ ਅਖੌਤੀ ਸੰਤਾਂ ਦੇ ਜੁਰਾਬਾਂ ਵਾਲੇ ਪੈਰਾਂ ਨੂੰ ਧੋ ਕੇ ਸਮਝਦੇ ਹਨ ਕਿ ਉਹ ਸੇਵਾ ਕਰ ਰਹੇ ਹਨ ਜਦੋਂ ਕਿ ਅਨੇਕਾਂ ਲੋਕ ਨੰਗੇ ਪੈਰ ਆਪਣਾ ਕਾਰ ਵਿਹਾਰ ਕਰਕੇ ਉਮਰ ਨੂੰ ਧੱਕਾ ਦੇ ਰਹੇ ਹਨ। ਇਨ੍ਹਾਂ ਕਾਰਾਂ ਵਾਲੇ ਸੰਤਾਂ ਦੇ ਪੈਰ ਨਾਲੋਂ ਉਹਨਾਂ ਪੈਰੋਂ ਨੰਗੇ ਲੋਕਾਂ ਦੀ ਸੌਖ ਦਾ ਕੋਈ ਪ੍ਰਬੰਧ ਕਰਨਾ ਕਿਤੇ ਵੱਡੀ ਸੇਵਾ ਹੈ।

ਭਾਈ ਗੁਰਦਾਸ ਜੀ ਗੁਰਬਾਣੀ ਦੀਆਂ ਪੋਥੀਆਂ ਲਿਖਣ ਨੂੰ ਵੀ ਸੇਵਾ ਕਹਿੰਦੇ ਹਨ। ਇਸ ਦਾ ਅਰਥ ਹੈ ਕਿ ਗੁਰਬਾਣੀ ਦਾ ਚਾਨਣ ਹਰ ਥਾਂ ਪੁਚਾਉਣ ਦਾ ਪ੍ਰਬੰਧ ਕਰਨਾ। ਪੁਰਾਣੇ ਜ਼ਮਾਨੇ ਵਿਚ ਛਾਪਾਖ਼ਾਨਾ ਨਹੀਂ ਸੀ। ਇਸ ਲਈ ਉਸ ਯੁਗ ਵਿਚ ਗੁਰਬਾਣੀ ਦੀਆਂ ਪੋਥੀਆਂ ਲਿਖ ਕੇ ਪ੍ਰਚਾਰ ਦਾ ਕੰਮ ਕੀਤਾ ਜਾਂਦਾ ਸੀ। ਗੁਰਦੁਆਰਿਆਂ ਵਿਚ ਇਹਨਾਂ ਪੋਥੀਆਂ ਤੋਂ ਵਿਦਿਆਰਥੀਆਂ ਨੂੰ ਵਿਦਿਆ ਪੜ੍ਹਾਈ ਜਾਂਦੀ ਸੀ। ਅੱਜ ਦੇ ਯੁਗ ਵਿਚ ਗੁਰਬਾਣੀ ਦੀ ਸਿਖਿਆ ਦਾ ਪ੍ਰਚਾਰ ਕਰਨ ਲਈ ਜੋ ਵੀ ਉੱਦਮ ਕੀਤਾ ਜਾਵੇ, ਉਸ ਨੂੰ ਇਸ ਸੇਵਾ ਅਧੀਨ ਗਿਣਿਆ ਜਾਣਾ ਚਾਹੀਦਾ ਹੈ। ਅਨੇਕਾਂ ਸਿੱਖ ਸੰਸਥਾਵਾਂ ਨੇ ਗੁਰੂ ਸਾਹਿਬਾਨ ਦੇ ਨਾਵਾਂ ਨੂੰ ਪ੍ਰਯੋਗ ਕਰਕੇ ਸਕੂਲ ਖੋਹਲੇ ਹੋਏ ਹਨ। ਪਰ ਉਹਨਾਂ ਦਾ ਜਿਹੜਾ ਹਾਲ ਹੁੰਦਾ ਹੈ, ਉਹ ਆਮ ਸਕੂਲਾਂ ਨਾਲੋਂ ਵੀ ਮਾੜਾ ਹੁੰਦਾ ਹੈ। ਇਹ ਸੇਵਾ ਦਾ ਕੇਂਦਰ ਨਹੀਂ; ਸਗੋਂ ਪ੍ਰਬੰਧਕਾਂ ਦੀ ਹਉਮੈ ਨੂੰ ਪੱਠੇ ਪਾਉਣ ਦੇ ਕੇਂਦਰ ਬਣ ਜਾਂਦੇ ਹਨ। ਇਥੇ ਵਿਦਿਆ ਵੀ ਇਕ ਖ਼ਾਸ ਤਰ੍ਹਾਂ ਦੇ ਕੁਲੀਨ ਵਰਗ ਨੂੰ ਦਿੱਤੀ ਜਾਂਦੀ ਹੈ। ਅੱਵਲ ਤਾਂ ਸਮੁੱਚੀ ਮਨੁੱਖਤਾ ਦੀ ਅਨਪੜ੍ਹਤਾ ਬਾਰੇ ਸੋਚਣਾ ਹਰ ਸਿੱਖ ਦਾ ਫ਼ਰਜ਼ ਹੈ ਪਰ

ਜੋ ਕੇਵਲ ਸਿੱਖ ਜਨਤਾ ਬਾਰੇ ਹੀ ਸੋਚਣਾ ਹੋਵੇ ਤਾਂ ਵੀ ਅਨੇਕਾਂ ਸਿੱਖ ਬੱਚੇ ਬੱਚੀਆਂ ਅਜੇ ਵੀ ਨਿਰਅੱਖਰ ਹਨ। ਪੱਖਪਾਤ ਤੇ ਨਾਜਾਇਜ਼ ਰਿਆਇਤ ਨੂੰ ਛੱਡ ਕੇ ਇਹਨਾਂ ਦੀ ਵਿਦਿਆ ਅਤੇ ਰੁਜ਼ਗਾਰ ਦਾ ਪ੍ਰਬੰਧ ਕਰਨਾ ਵੀ ਸਿੱਖਾਂ ਦੀ ਸੇਵਾ ਵਿਚ ਗਿਣਿਆ ਜਾਵੇ ਤਾਂ ਸ਼ਾਇਦ ਗੁਰਮਤਿ ਦਾ ਵਧੇਰੇ ਪ੍ਰਚਾਰ ਹੋ ਸਕੇ।ਅਨੇਕਾਂ ਬੱਚੇ ਅਜਿਹੇ ਹਨ ਜਿਹੜੇ ਗੁਰਮੁਖੀ ਅੱਖਰਾਂ ਤੋਂ ਵੀ ਅਣਜਾਣ ਹਨ। ਗੁਰਮੁਖੀ ਅੱਖਰਾਂ ਨੂੰ ਜਾਣੇ ਬਿਨਾਂ ਕੋਈ ਗੁਰੂ ਗ੍ਰੰਥ ਸਾਹਿਬ ਦਾ ਪਾਠ ਨਹੀਂ ਕਰ ਸਕਦਾ। ਜੇ ਕੋਈ ਆਪਣੇ ਗੁਰੂ ਦੇ ਬਚਨ ਵਾਚ ਹੀ ਨਹੀਂ ਸਕਦਾ, ਉਹ ਸਿੱਖ ਕਿਵੇਂ ਹੋ ਸਕਦਾ ਹੈ ? ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਨੂੰ ਮੱਥਾ ਟੇਕਣ ਵਾਲਾ ਸਿੱਖ ਬਣ ਸਕਦਾ ਹੁੰਦਾ ਤਾਂ ਭਾਈ ਗੁਰਦਾਸ ਜੀ ਗੁਰਬਾਣੀ ਦੀਆਂ ਪੋਥੀਆਂ ਲਿਖਣ ਵਾਲੀ ਸੇਵਾ ਦੀ ਲੋੜ ਨਾ ਸਮਝਦੇ। ਭਾਈ ਗੁਰਦਾਸ ਜੀ ਮ੍ਰਿਦੰਗ ਅਤੇ ਰਬਾਬ ਤਾਲ ਰਾਗਾਂ ਵਿਚ ਵਜਾਉਣ ਨੂੰ ਵੀ ਸੇਵਾ ਗਿਣਦੇ ਹਨ। ਇਸ ਬਾਰੇ ਭਾਈ ਕਾਹਨ ਸਿੰਘ ਨਾਭਾ ਜੀ ਦਾ ਕਥਨ ਹੈ:

"ਭਾਈ ਸਾਹਿਬ (ਗੁਰਦਾਸ ਜੀ) ਹੱਕਾਂ ਦੀ ਸਫ਼ਲਤਾ ਲਈ ਹੋਰ ਸ਼ੁਭ ਕਰਮਾਂ ਵਿਚ ਮ੍ਰਿਦੰਗ ਅਤੇ ਰਬਾਬ ਦਾ ਵਜਾਉਣਾ ਵੀ ਦਸਦੇ ਹਨ। ਸਾਨੂੰ ਸ਼ੋਕ ਨਾਲ ਲਿਖਣਾ ਪਿਆ ਕਿ ਸਿੱਖਾਂ ਨੇ ਸੰਗੀਤ ਵਿਦਿਆ ਗੁਰੂ ਅਰਜਨ ਦੇਵ ਜੀ ਦੀ ਦੱਸੀ ਹੋਈ ਮੁੱਢੋਂ ਹੀ ਭੁਲਾ ਦਿੱਤੀ ਹੈ। ਰਬਾਬ, ਸਰੰਦਾ ਅਤੇ ਮ੍ਰਿਦੰਗ ਤਾਂ ਸ਼ਾਇਦ ਇਕ ਰਾਗੀ ਭੀ ਚੰਗੀ ਤਰ੍ਹਾਂ ਨਾ ਵਜਾ ਸਕਦਾ ਹੋਵੇ। ਅੱਜ ਕੱਲ੍ਹ ਦੇ ਰਾਗੀ ਮਾਮੂਲੀ ਗੀਤਾਂ ਉਪਰ ਸ਼ਬਦਾਂ ਦੀ ਧਾਰਣਾ ਬਣਾ ਕੇ ਗਾਉਂਦੇ ਹਨ। ਉਹਨਾਂ ਨੂੰ ਪਤਾ ਭੀ ਨਹੀਂ ਕਿ ਛੰਦ, ਪੜਤਾਲ ਅਤੇ ਪੌੜੀ ਆਦਿਕ ਕਿਸ ਤਰ੍ਹਾਂ ਗਾਈਦੇ ਹਨ।ਔਰ ਰਬਾਬ ਵਿਚ ਵੀਣਾ ਦਾ ਬਾਜ ਅਤੇ ਸਰੰਦੇ ਦਾ ਅਲਾਪ ਮ੍ਰਿਦੰਗ ਦੀਆਂ ਪਰਣਾ ਨਾਮ-ਮਾਤਰ ਭੀ ਨਹੀਂ ਜਾਣਦੇ ਅਤੇ ਦਸਮ ਗ੍ਰੰਥ ਵਿਖੇ ਲਿਖੇ ਸੰਗੀਤ

ਛਪੈ ਆਦਿ ਛੰਦ (ਜਿਨ੍ਹਾਂ ਵਿਚ ਪਖਾਵਜ ਦੇ ਬੋਲ ਹਨ) ਪੜ੍ਹ ਭੀ ਨਹੀਂ ਸਕਦੇ। ਛਣਕਾਰ ਅਤੇ ਕੜਕਟ ਦਾ ਨਾਉਂ ਕੀਰਤਨ ਬਣਾ ਲਿਆ ਹੈ। ਜਿਸ ਦਾ ਰਸ ਸਰੋਤਿਆਂ ਨੂੰ ਕੁਝ ਭੀ ਨਹੀਂ ਆਉਂਦਾ; ਸਗੋਂ ਦੀਵਾਨ ਵਿਚੋਂ ਛੁਟਕਾਰਾ ਪਾਉਣ ਲਈ ਜਤਨ ਕਰਨਾ ਪੈਂਦਾ ਹੈ। ਕੇਹਾ ਅੱਛਾ ਹੋਵੇ ਜੇ ਅਜੇ ਭੀ ਪੁਰਾਣੀਆਂ ਸਾਧਨਾ ਨੂੰ ਕਾਇਮ ਰਖਣ ਦਾ ਜਤਨ ਕੀਤਾ ਜਾਵੇ ਔਰ ਪੰਥ ਮੁਖੀਏ ਇਕ ਸੰਗੀਤ ਆਸ਼ਰਮ ਬਣਾ ਕੇ ਲਾਇਕ ਰਾਗੀ ਉਤਪੰਨ ਕਰ ਸਕਨ।"10

ਗੁਰੂ ਗ੍ਰੰਥ ਸਾਹਿਬ ਜੀ ਦੀ ਲਗਭਗ ਸਾਰੀ ਬਾਣੀ ਸੰਗੀਤ ਕਲਾ ਉਪਰ ਆਧਾਰਤ ਹੈ। ਗੁਰੂ ਸਾਹਿਬ ਨੇ ਇਸ ਦਾ ਉਚਾਰਣ ਕਰਨ ਲਈ ਵਿਸ਼ੇਸ਼ ਤੌਰ ਤੇ ਨਿਰਦੇਸ਼ ਦਿੱਤੇ ਹਨ। ਹਰ ਸ਼ਬਦ ਉਪਰ ਰਾਗ ਦਾ ਨਾਂ ਦਿੱਤਾ ਹੈ। ਇਸ ਲਈ ਸੰਗੀਤ ਕਲਾ ਦੀ ਜਾਣਕਾਰੀ ਸਿੱਖਾਂ ਲਈ ਜ਼ਰੂਰੀ ਹੈ। ਗੁਰੂ ਅਰਜਨ ਦੇਵ ਜੀ ਨੇ ਇਸ ਕੰਮ ਨੂੰ ਖਾਨਦਾਨੀ ਸੀਮਾਵਾਂ ਵਿਚ ਨਹੀਂ ਰਹਿਣ ਦਿੱਤਾ; ਸਗੋਂ ਆਮ ਸਿੱਖਾਂ ਨੂੰ ਇਹ ਵਿਦਿਆ ਸਿਖਾਉਣ ਦੇ ਪ੍ਰਬੰਧ ਕੀਤੇ। ਇਸੇ ਭਾਵਨਾ ਅਧੀਨ ਸਿੱਖ ਸੰਸਥਾਵਾਂ ਨੇ ਵੀ ਸੰਗੀਤ ਵਿਦਿਆਰਥੀਆਂ ਦਾ ਪ੍ਰਬੰਧ ਕੀਤਾ, ਪਰ ਇਸ ਵਿਦਿਆ ਦਾ ਕੀਰਤਨ ਰੂਪ ਅੱਜ ਚੰਗੀ ਹਾਲਤ ਵਿਚ ਨਹੀਂ। ਹੁਣ ਇਸ ਕਾਰਜ ਨੂੰ ਸੇਵਾ ਨਹੀਂ ਸਮਝਿਆ ਜਾਂਦਾ। ਕੀਰਤਨੀਏ ਸਿੱਖ ਲੋਕਾਂ ਦੇ ਕੰਨ ਰਸ ਲਈ ਰਾਗਦਾਰੀ ਛੱਡ ਗਏ ਹਨ। ਉਹ ਸ਼ਬਦਾਂ ਦੀਆਂ ਟੇਕਾਂ ਰਹਾਉ ਵਾਲੀਆਂ ਤੁਕਾਂ ਨੂੰ ਨਹੀਂ ਬਣਾਉਂਦੇ; ਸਗੋਂ ਮਨ ਮਰਜ਼ੀ ਦੀਆਂ ਤੁਕਾਂ ਰਖਦੇ ਹਨ ਅਤੇ ਸਿੱਖ ਸੰਗਤਾਂ ਵੀ ਸਾਧਾਰਣ ਕੀਰਤਨ ਪਸੰਦ ਕਰਨ ਲਗ ਪਈਆਂ ਹਨ। ਹੋਰ ਤਾਂ ਹੋਰ ਸਿੱਖੀ ਦੇ ਮਹਾਨ ਕੀਰਤਨ ਕੇਂਦਰ ਸ੍ਰੀ ਹਰਿਮੰਦਰ ਸਾਹਿਬ ਵਿਚੋਂ ਵੀ ਪਰੰਪਰਾਈ ਕੀਰਤਨ ਦੀ ਧੁਨ ਘੱਟ ਵੱਧ ਹੀ ਸੁਣਾਈ ਦਿੰਦੀ ਹੈ। ਇਸ ਸੇਵਾ ਵੱਲ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ।

ਅੱਜ ਦੇ ਯੁੱਗ ਵਿਚ ਲੋੜਾਂ ਤਬਦੀਲ ਹੋ ਗਈਆਂ ਹਨ। ਵਿਸ਼ੇਸ਼ ਕਰਦੇ ਧਨੀ ਲੋਕ ਧਨ ਰਾਹੀ ਸੇਵਾ ਬਹੁਤੀ ਕਰਨ ਲਗ ਪਏ ਹਨ। ਸੰਗਮਰਮਰ ਦੀਆਂ ਸਿਲਾਂ ’ਤੇ ਆਪਣਾ ਨਾਂ ਉੱਕਰਿਆ ਵੇਖਣਾ ਚਾਹੁੰਦੇ ਹਨ। ਇਹੋ ਜਿਹੀ ਸੇਵਾ ਇਮਾਰਤਾਂ ਨੂੰ ਸ਼ਿੰਗਾਰਨ ਅਤੇ ਸੋਨਾ ਲਗਾਉਣ ਤਕ ਹੀ ਸੀਮਤ ਰਹਿ ਜਾਂਦੀ ਹੈ। ਇਹੋ ਜਿਹੀ ਸੇਵਾ ਕਰਨ ਵਾਲਿਆਂ ਦੇ ਮਨ ਵਿਚ ਕਈ ਬਾਕੀ ਧਰਮਾਂ ਦੀਆਂ ਇਮਾਰਤਾਂ ਤੋਂ ਮਹਿੰਗੀਆਂ ਇਮਾਰਤਾਂ ਬਣਾਉਣ ਦੀ ਭਾਵਨਾ ਹੀ ਕੰਮ ਕਰਦੀ ਹੈ। ਲੋਕ ਭਲਾਈ ਜਾਂ ਸਿੱਖੀ ਪ੍ਰਚਾਰ ਦੀ ਭਾਵਨਾ ਕੰਮ ਨਹੀਂ ਕਰਦੀ। ਬੇਅੰਤ ਪੈਸਾ ਇਸ ਪਾਸੇ ਖ਼ਰਚ ਹੋ ਰਿਹਾ ਹੈ; ਪਰ ਇਸ ਦਾ ਪ੍ਰਭਾਵ ਸ਼ੰਕਾਗ੍ਰਸਤ ਹੈ। ਲੋੜ ਹੈ ਕਿ ਗੁਰਬਾਣੀ ਦੀ ਰੌਸ਼ਨੀ ਵਿਚ ਸੇਵਾ ਨੂੰ ਸਫਲ ਕਰਨ ਦਾ ਜਤਨ ਕਰੀਏ।

ਗੁਰੂ ਅਮਰਦਾਸ ਜੀ ਸੇਵਾ ਦੇ ਪਾਤਰ ਬਾਰੇ ਸਪੱਸ਼ਟ ਲਿਖਦੇ ਹਨਃ

ਅਭਿਆਗਤ ਏਹਿ ਨ ਆਖੀਅਨਿ ਜਿਨ ਕੇ ਚਿਤ ਮਹਿ ਭਰਮੁ ॥
ਤਿਸਦੈ ਦਿਤੈ ਨਾਨਕਾ ਤੇਹੋ ਜੇਹਾ ਧਰਮੁ ॥

... ... ...

ਅਭਿਆਗਤ ਏਹਿ ਨ ਆਖੀਅਨ ਜਿ ਪਰ ਘਰਿ ਭੋਜਨ ਕਰੇਨਿ ॥
ਉਦਰੈ ਕਾਰਣਿ ਆਪਣੇ ਬਹਲੇ ਭੇਖ ਕਰੇਨਿ ॥
ਅਭਿਆਗਤ ਸੇਈ ਨਾਨਕਾ ਜਿ ਆਤਮ ਗਉਣੁ ਕਰੇਨਿ ॥ (ਪੰਃ 949)

ਇਹਨਾਂ ਤੁਕਾਂ ਦੀ ਵਿਆਖਿਆ ਕਰਦਿਆਂ ਭਾਈ ਕਾਹਨ ਸਿੰਘ ਨਾਭਾ ਲਿਖਦੇ ਹਨ : “ਜੋ ਹਰਾਮ ਖਾਣੇ ਪ੍ਰਪੰਚੀ, ਭੇਖ ਨੂੰ ਉਪਜੀਵਕਾ ਸਮਝ ਕੇ ਮੰਗਦੇ ਫਿਰਦੇ ਹਨ, ਉਹਨਾਂ ਦੀ ਸੇਵਾ ਕਰਨਾ ਨਿਸਫਲ ਹੈ। ਜੋ ਵਿਚਾਰਵਾਨ ਵਿਦਵਾਨ ਸ਼ੁਭ ਗੁਣਾਂ ਦਾ ਪ੍ਰਚਾਰ ਕਰਨ ਲਈ ਵਿਚਰਦੇ ਹਨ, ਉਹ ਸੱਚੇ ਅਭਿਆਗਤ ਅਥਵਾ ਅਤਿਥੀ ਹਨ ਔਰ ਦਾਨ ਮਾਨ ਦੇ ਪੂਰਨ ਅਧਿਕਾਰੀ ਹਨ।”11

ਸੋ ਸੇਵਾ ਕਰਨ ਵੇਲੇ ਜਿਸ ਦੀ ਸੇਵਾ ਕੀਤੀ ਜਾ ਰਹੀ ਹੈ ਉਸ ਬਾਰੇ ਪੂਰੀ ਪੜਤਾਲ ਕਰਨੀ ਚਾਹੀਦੀ ਹੈ। ਅੱਜ ਕੱਲ੍ਹ ਚੰਦਾ ਲੈਣ ਵਾਲੀਆਂ ਅਨੇਕਾਂ ਸੰਸਥਾਵਾਂ ਹਨ। ਉਹਨਾਂ ਬਾਰੇ ਤਸੱਲੀ ਕਰ ਲੈਣੀ ਚਾਹੀਦੀ ਹੈ, ਕਿਤੇ ਉਹ ਸੰਸਥਾ ਵਿਹਲੜਾਂ ਦੀ ਪਾਲਣਾ ਪੋਸਣਾ ਤਾਂ ਨਹੀਂ ਕਰ ਰਹੀ? ਕਿਤੇ ਉਹ ਸੰਸਥਾ ਮਨੁੱਖਤਾ ਦੀ ਸੇਵਾ ਕਰਨ ਦੀ ਬਜਾਇ ਮਨੁੱਖਤਾ ਦੀ ਅਧੋਗਤੀ ਵਿਚ ਹਿੱਸਾ ਤਾਂ ਨਹੀਂ ਪਾ ਰਹੀ। ਗੁਰੂ ਅਮਰਦਾਸ ਜੀ ਦੀਆਂ ਤੁਕਾਂ ਨੂੰ ਅੱਜ ਵੀ ਲਾਗੂ ਕਰ ਕੇ ਸੇਵਾ ਦੀ ਲੋੜ ਹੈ।

ਜਿਵੇਂ ਪਹਿਲਾਂ ਦੱਸਿਆ ਜਾ ਚੁੱਕਿਆ ਹੈ, ਸਿੱਖੀ ਸੰਗਤੀ ਧਰਮ ਹੈ। ਇਹ ਵਿਰਕਤਾਂ ਅਥਵਾ ਸਮਾਜ ਨੂੰ ਤਿਆਗਣ ਵਾਲਿਆਂ ਦਾ ਧਰਮ ਨਹੀਂ। ਉਂਜ ਵੀ ਧਰਮ ਦਾ ਸੰਕਲਪ ਗ੍ਰਹਿਸਤ ਵਿਚ ਹੀ ਹੋਂਦ ਰਖਦਾ ਹੈ। ਭਗਤ ਕਬੀਰ ਜੀ ਲਿਖਦੇ ਹਨ:

ਕਬੀਰ ਜਉ ਗ੍ਰਿਹੁ ਕਰਹਿ ਤ ਧਰਮ ਕਰੁ, ਨਾਹੀਂ ਤ ਕਰੁ ਬੈਰਾਗੁ॥ (ਪੰ: 1377)

ਭਾਈ ਗੁਰਦਾਸ ਜੀ ਨੇ ਇਸੇ ਲਈ ਧਰਮ ਨੂੰ ਪ੍ਰਧਾਨ ਕਿਹਾ ਹੈ:

ਗਿਆਨਕ ਮੈਂ ਗਿਆਨ ਅਰ ਧਿਆਨਨ ਮੈਂ ਧਿਆਨ ਗੁਰੂ
ਸਗਲ ਧਰਮ ਮੇਂ ਗ੍ਰਹਿਸਥ ਪ੍ਰਧਾਨ ਹੈ॥ 12

ਸੇਵਾ ਕਰਨ ਦਾ ਮੌਕਾ ਵੀ ਗ੍ਰਹਿਸਥ ਵਿਚ ਵਧੇਰੇ ਮਿਲਦਾ ਹੈ। ਘਰ ਵਿਚ ਰੋਟੀ ਪਕਦੀ ਹੈ। ਕਿਸੇ ਭੁੱਖੇ ਦੀ ਭੁੱਖ ਦੂਰ ਕੀਤੀ ਜਾ ਸਕਦੀ ਹੈ। ਗ੍ਰਹਿਸਥੀ ਮਨੁੱਖ ਦੂਜੇ ਦੇ ਦੁੱਖ ਦਰਦ ਨੂੰ ਸਮਝ ਸਕਦਾ ਹੈ। ਉਸ ਦਾ ਬੱਚਾ ਬੀਮਾਰ ਹੋਵੇ ਤਾਂ ਆਪਣੇ ਸੁਖ ਨੂੰ ਕੁਰਬਾਨ ਕਰ ਦਿੰਦਾ ਹੈ। ਬੱਚਿਆਂ ਦੀ ਪਾਲਣਾ ਲਈ ਉਹ

ਮਿਹਨਤ ਕਰਦਾ ਹੈ ਅਤੇ ਸੇਵਾ ਦਾ ਇਹ ਛੋਟਾ ਦਾਇਰਾ ਹੀ ਵੱਡਾ ਹੋ ਕੇ ਟੱਬਰ ਦੀ ਸੇਵਾ ਦੇ ਨਾਲ ਨਾਲ ਅਤੇ ਇਸ ਦੇ ਰਾਹੀਂ ਸਮਾਜ ਦੀ ਸੇਵਾ ਦਾ ਦਾਇਰਾ ਬਣ ਜਾਂਦਾ ਹੈ। ਭਗਤ ਰਤਨਾਵਲੀ ਵਿਚ ਗੁਰੂ ਅੰਗਦ ਦੇਵ ਜੀ ਦੇ ਸਮੇਂ ਦੀ ਇਕ ਸਾਖੀ ਇੰਝ ਦਰਜ ਹੈ : "ਜੱਗਾ ਗੁਰੂ ਅੰਗਦ ਦੇਵ ਜੀ ਦੀ ਸ਼ਰਣ ਆਇਆ। ਅਰਦਾਸ ਕੀਤੀ, ਜੇ ਤੁਸੀਂ ਬਚਨ ਕਰੋ ਤਾਂ ਮੈਂ ਘਰ ਬਾਰ ਛੱਡ ਕੇ ਫਕੀਰ ਹੋ ਜਾਂਦਾ ਹਾਂ। ਮੈਨੂੰ ਇਕ ਜੋਗੀ ਨੇ ਆਖਿਆ ਹੈ ਜੋ ਘਰ ਬੰਧਨ ਰੂਪ ਹੈ। ਤੂੰ ਪ੍ਰਿਥਮੇ ਘਰ ਬਾਰ ਦਾ ਤਿਆਗ ਕਰ ਆਵੈ ਤਾਂ ਬਹੁੜੋ ਮੈਂ ਉਪਦੇਸ਼ ਕਰਸਾਂ।" ਤਾਂ ਬਚਨ ਹੋਇਆ –"ਜੋਗ ਕੀਤਿਆਂ ਅਤੇ ਘਰ ਛਡਿਆਂ ਜੇ ਉਧਾਰ ਹੁੰਦਾ ਤਾਂ ਤਦ ਫਕੀਰ ਕਿਉਂ ਹੱਟੀਆਂ ਤੇ ਝਗੜਦੇ ਫਿਰਦੇ ਹਨ ? ਜਿਵੇਂ ਕੰਵਲ, ਵਿਚ ਜਲ ਦੇ ਹੀ ਰਹਿੰਦਾ ਹੈ, ਸੂਰਜ ਵੱਲ ਧਿਆਨ ਰਖਦਾ ਹੈ, ਤੈਸੇ ਗੁਰਮੁਖ ਵਿਚ ਗ੍ਰਹਿਸਤ ਦੇ ਰਹਿੰਦੇ ਹਨ ਤੇ ਗੁਰੂ ਨੇ ਨਿਮਿਤ ਸੇਵਾ ਟਹਲ ਕਰਦੇ ਹੈਨ, ਜੇ ਫ਼ਕੀਰ, ਫਕੀਰ ਹੋ ਕੇ ਕਿਸੇ ਥੀ ਲੈ ਖਾਵੇਗਾ ਤਾਂ ਆਪ ਤੇ ਤਪ ਦਾ ਬਲ ਓਸ ਨੂੰ ਵੰਡ ਦੇਵੇਗਾ, ਤੇ ਜੇ ਗ੍ਰਹਿਸਤੀ ਹੋ ਕੈ ਭਗਤਿ ਕਰੇਗਾ ਓਹ ਭੀ ਓਸਥੈ ਰਹੈਗਾ, ਤੇ ਸਾਧੂ ਸੰਗਤਿ ਦੀ ਸੇਵਾ ਦਾ ਫਲ ਭੀ ਹੋਵੇਗਾ। ਜੈਸੇ ਕੋਇ ਗਊ ਨੂੰ ਘਾਹ ਖਵਾਂਦਾ ਹੈ, ਤਾਂ ਉਸ ਦਾ ਦੁਧ ਦੁਹਿ ਲੈਂਦਾ ਹੈ ?"13

ਗ੍ਰਹਿਸਥ ਬਾਰੇ ਗੁਰਬਾਣੀ ਵਿਚ ਲਿਖਿਆ ਹੈ:

ਇਕਿ ਗਿਰਹੀ ਸੇਵਕ ਸਾਧਿਕਾ ਗੁਰਮਤੀ ਲਾਗੇ ॥
ਨਾਮੁ ਦਾਨੁ ਇਸਨਾਨੁ ਦ੍ਰਿੜੁ ਹਰਿ ਭਗਤਿ ਸੁਜਾਗੇ ॥ (ਪੰ: 419)

ਪੁੰਨ ਦਾਨ ਕਾ ਕਰੇ ਸਰੀਰੁ ॥
ਸੋ ਗਿਰਹੀ ਗੰਗਾ ਕਾ ਨੀਰੁ ॥ (ਪੰ: 952)

ਗ੍ਰਹਿਸਥੀ ਨੂੰ ਸਮਾਜਿਕ ਬੁਰਾਈਆਂ ਬਾਰੇ ਪਤਾ ਲਗਦਾ ਹੈ ਅਤੇ ਉਸ ਨੂੰ ਹੀ ਲੋੜ ਮਹਿਸੂਸ ਹੁੰਦੀ ਹੈ ਕਿ ਸਮਾਜਿਕ ਪ੍ਰਬੰਧ ਨੂੰ ਅਜਿਹਾ ਬਣਾਇਆ ਜਾਵੇ, ਜਿਸ ਵਿਚ ਸਾਰੇ ਲੋਕ ਸੁਖੀ ਰਹਿ ਸਕਣ। ਸਿੱਖੀ ਦੀ ਮੂਲ ਭਾਵਨਾ ਇਸ ਵਿਚਾਰ ਨਾਲ ਓਤ-ਪੋਤ ਹੈ। ਇਸ ਲਈ ਵਿਅਕਤੀਗਤ ਜਤਨਾਂ ਦੇ ਨਾਲ ਨਾਲ ਸਮੂਹਕ ਰੂਪ ਵਿਚ ਸੰਸਥਾਤਮਕ ਜਤਨ ਕਰਨ ਦੀ ਵੀ ਲੋੜ ਹੈ। ਇਸ ਮੰਤਵ ਲਈ ਜੋ ਵੀ ਮਦਦ ਕੀਤੀ ਜਾਵੇ ਉਹ ਮਹਾਨ ਸੇਵਾ ਹੈ। ਇਹ ਸੇਵਾ ਕੋਈ ਵਿਅਤੀ ਆਪਣੀ ਹਉਮੈ ਅਧੀਨ ਨਹੀਂ ਕਰਦਾ; ਸਗੋਂ ਇਸ ਲਈ ਕਰਦਾ ਹੈ ਕਿ ਇਸ ਨਾਲ ਜਿਹੜੇ ਮੰਤਵ ਦੀ ਪੂਰਤੀ ਹੁੰਦੀ ਹੈ, ਉਸ ਨਾਲ ਉਸ ਦੀ ਸੰਤਾਨ ਨੂੰ ਵੀ ਲਾਭ ਹੋਵੇਗਾ।

ਗੁਰੂ ਸਾਹਿਬ ਸੇਵਾ ਕੇਵਲ ਸਿੱਖ ਸੰਸਥਾ ਦੀ, ਜਾਂ ਉਹਨਾਂ ਸਿੱਖਾਂ ਦੀ, ਜਿਹੜੇ ਸਿੱਖੀ ਦੇ ਆਦਰਸ਼ ਲਈ ਪ੍ਰਤੀਬੱਧ ਹਨ ਅਤੇ ਜਿਹਨਾਂ ਨੇ ਜੀਵਨ ਸਿੱਖੀ ਉੱਦੇਸ਼ਾਂ ਲਈ ਅਰਪਨ ਕਰ ਦਿੱਤਾ ਹੈ, ਕਰਨ ਲਈ ਕਹਿੰਦੇ ਹਨ। ਗੁਰੂ ਸਾਹਿਬਾਨ ਗੁਰਸਿੱਖਾਂ ਪ੍ਰਤੀ ਉਚਾਰਦੇ ਹਨਃ

ਮਾਤਾ ਪ੍ਰੀਤਿ ਕਰੇ ਪੁਤੁ ਖਾਇ॥
ਮੀਨੇ ਪ੍ਰੀਤਿ ਭਈ ਜਲਿ ਨਾਇ॥
ਸਤਿਗੁਰ ਪ੍ਰੀਤਿ ਗੁਰਸਿਖ ਮੁਖਿ ਪਾਇ॥ (ਪੰਃ 164)
ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਫੁਰਮਾਨ ਹੈ :
ਸੇਵ ਕਰੀ ਇਨ ਕੀ ਮਨ ਭਾਵਤ,
ਔਰ ਕੀ ਸੇਵ ਸੁਹਾਤ ਨ ਜੀਕੋ।

ਦਾਨ ਦਿਓ ਇਨਹੀ ਕੋ ਭਲੋ,
ਔਰ ਆਨ ਕੋ ਦਾਨ ਨ ਲਾਗਤ ਨੀਕੋ।
ਆਗੈ ਫਲ ਇਨਹੀ ਕੋ ਦਿਓ,
ਜਗ ਮੇ ਯਾਸ ਔਰ ਦਿਓ ਸਭ ਫੀਕੋ।
ਮੋ ਗ੍ਰਿਹਿ ਮੇ ਮਨ ਤੇ ਤਨ ਤੇ,
ਸਿਰ ਲੌ ਧਨ ਹੈ ਸਭ ਹੀ ਇਨਹੀ ਕੋ। 14

ਅੱਜ ਕੱਲ੍ਹ ਸਿੱਖ ਸੰਸਥਾਵਾਂ ਬਾਰੇ ਵਾਦ-ਵਿਵਾਦ ਖੜੇ ਹਨ। ਇਹਨਾਂ ਵਾਦ-ਵਿਵਾਦਾਂ ਨੂੰ ਧਿਆਨ ਵਿਚ ਰਖਦਿਆਂ ਲੋੜ ਹੈ ਕਿ ਸਿੱਖਾਂ ਦੀ ਜਿਹੜੀ ਆਸਥਾ ਸਿੱਖ ਸੰਸਥਾ ਉੱਤੇ ਬਣੀ ਹੋਈ ਹੈ ਉਸ ਨੂੰ ਕਾਇਮ ਰਖਿਆ ਜਾਵੇ। ਸਿੱਖ ਸੰਸਥਾਵਾਂ ਨੂੰ ਚਾਹੀਦਾ ਹੈ ਕਿ ਉਹ ਸਮੇਂ ਦੀ ਲੋੜ ਅਨੁਸਾਰ ਅਜਿਹੇ ਕਾਰਜ ਕਰਨ ਜਿਹਨਾਂ ਨਾਲ ਖ਼ਾਲਕ ਰੂਪ ਖ਼ਲਕਤ ਦਾ ਭਲਾ ਹੋਵੇ। ਸਭ ਲਈ ਵਿਦਿਆ ਦਾ ਪ੍ਰਬੰਧ ਹੋਵੇ, ਸਭ ਲਈ ਰੋਟੀ ਹੋਵੇ, ਕੋਈ ਨਿਆਸਰਾ ਨਾ ਹੋਵੇ, ਇਹ ਕਾਰਜ ਕਰਨ ਲਈ ਪ੍ਰਤੀਬੱਧ ਲੋਕ ਸੇਵਾ ਕਰਨ ਲਈ ਅੱਗੇ ਲਾਉਣ ਅਤੇ ਉਹ ਇਹ ਸੇਵਾ ਧਰਮ ਦੇ ਜਜ਼ਬੇ ਅਧੀਨ ਕਰਨ। ਕਿਤੇ ਸੇਵਾ ਕਰਨ ਦਾ ਲਾਰਾ ਲਾ ਕੇ ਕਿਸੇ ਹੋਰ ਮਨੋਰਥ ਲਈ ਕੁਰਸੀਆਂ 'ਤੇ ਬੈਠ ਕੇ ਆਪਣੇ ਤਕ ਹੀ ਸੀਮਤ ਨਾ ਹੋ ਜਾਣ।

ਇਹ ਨੁਕਤੇ ਹੋਰ ਵਿਚਾਰ ਕਰਨ ਲਈ ਉਠਾਏ ਗਏ ਹਨ ਤਾਂ ਜੋ ਸੇਵਾ ਸਹੀ ਢੰਗ ਨਾਲ ਕੀਤੀ ਜਾ ਸਕੇ, ਕਿਉਂਕਿ:

ਸਤਿਗੁਰ ਕੀ ਸੇਵਾ ਗਾਖੜੀ, ਸਿਰ ਦੀਜੈ ਆਪ ਗਵਾਇ॥
ਸਬਦਿ ਮਿਲਹਿ ਤਾਂ ਹਰਿ ਮਿਲੈ, ਸੇਵਾ ਪਵੈ ਸਭ ਥਾਇ॥ (ਪੰਃ 27)

## ਹਵਾਲੇ


1. ਮਨੂ ਸਿਮਰਤੀ, ਹਵਾਲਾ ਭਾਰਤੀ ਚਿੰਤਨ ਪਰੰਪਰਾ, ਕੇ ਦਮੋਦਰਨ, ਪੰਃ 65–66
2. ਬ੍ਰਿਹਦਾਰਣਿਕ ਉਪਨਿਸ਼ਦ, ਹਵਾਲਾ ਉਹੀ, ਪੰਃ 58–59
3. The Principal Upnishads, pp. 168-169
4. ਸਾਖੀ ਭਾਈ ਬਾਲੇ ਵਾਲੀ ਹਵਾਲਾ ਗੁਰਮਤਿ ਮਾਰਤੰਡ, ਭਾਈ ਕਾਹਨ ਸਿੰਘ ਨਾਭਾ, ਪੰਃ
5. ਸਾਖੀ ਭਾਈ ਬਾਲੇ ਵਾਲੀ ਹਵਾਲਾ ਗੁਰਮਤਿ ਮਾਰਤੰਡ, ਭਾਈ ਕਾਹਨ ਸਿੰਘ ਨਾਭਾ, ਪੰਃ 606
6. ਗੁਰਮਤ ਮਾਰਤੰਡ, ਪੰਃ 604
7. ਭਾਈ ਸੰਤੋਖ ਸਿੰਘ, ਗੁਰ ਪ੍ਰਤਾਪ ਸੂਰਜ, ਰਾਸ 9, ਅਧਿਆਇ 6
8. ਹਵਾਲਾ, ਗੁਰਮਤ ਸੁਧਾਕਰ, ਪੰਃ 271
9. ਹਵਾਲਾ, ਉਹੀ, ਪੰਃ 277
10. ਗੁਰਮਤ ਸੁਧਾਕਰ, ਪੰਃ 109–110
11. ਗੁਰਮਤ ਪ੍ਰਭਾਕਰ, ਪੰਃ 37
12. ਹਵਾਲਾ, ਗੁਰਮਤ ਸੁਧਾਕਰ, ਪੰਃ 188–189
13. ਹਵਾਲਾ ਗੁਰਮਤ ਮਾਰਤੰਡ, ਪੰਃ 462
14. ਗੁਰੂ ਗੋਬਿੰਦ ਸਿੰਘ ਜੀ, ਹਵਾਲਾ, ਗੁਰਮਤ ਸੁਧਾਕਰ, ਪੰ. 78


# ਡਾ. ਗੁਰਨਾਮ ਸਿੰਘ ਜੀ ਬਾਬਾ ਸ਼ੇਖ ਫਰੀਦ ਅਵਾਰਡ ਨਾਲ ਸਨਮਾਨਿਤ

**ਡਾ. ਗਗਨਦੀਪ ਸਿੰਘ**

**ਕੈਲੀਫੋਰਨੀਆ ਯੂ.ਐੱਸ.ਏ.**

ਪਿਛਲੇ ਦਿਨੀਂ ਦੇਸ਼ ਵਿਦੇਸ਼ ਵਿੱਚ ਵੱਖ-ਵੱਖ ਸਥਾਨਾਂ 'ਤੇ ਬਾਬਾ ਸ਼ੇਖ ਫਰੀਦ ਜੀ ਦਾ ਜਨਮ ਦਿਹਾੜਾ ਬਹੁਤ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਇਸੇ ਸੰਬੰਧ ਵਿੱਚ ਗੁਰਦੁਆਰਾ ਰਿਵਰਸਾਇਡ ਕੈਲੀਫੋਰਨੀਆਂ ਦੀ ਪ੍ਰਬੰਧਕ ਕਮੇਟੀ, ਬਾਬਾ ਫਰੀਦ ਸੰਗੀਤ ਅਕੈਡਮੀ ਅਤੇ ਫਰੀਦਕੋਟ ਇਲਾਕਾ ਨਿਵਾਸੀ ਸੰਗਤਾਂ ਵੱਲੋਂ ਸਾਂਝੇ ਰੂਪ ਵਿੱਚ ਬਾਬਾ ਸ਼ੇਖ ਫਰੀਦ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਵਿਸ਼ੇਸ਼ ਗੁਰਮਤਿ ਸਮਾਗਮ ਕਰਵਾਏ ਗਏ।ਇਸ ਸਮਾਗਮ ਵਿੱਚ ਗੁਰਦੁਆਰਾ ਰਿਵਰਸਾਇਡ ਦੀ ਪ੍ਰਬੰਧਕ ਕਮੇਟੀ, ਬਾਬਾ ਸ਼ੇਖ ਫਰੀਦ ਸੰਗੀਤ ਅਕੈਡਮੀ ਅਤੇ ਫਰੀਦਕੋਟ ਦੀਆਂ ਸੰਗਤਾਂ ਵਲੋਂ ਸਿੱਖ ਪੰਥ ਦੀ ਮਹਾਨ ਸ਼ਖ਼ਸੀਅਤ ਗੁਰਮਤਿ ਸੰਗੀਤਾਚਾਰੀਆ ਡਾ. ਗੁਰਨਾਮ ਸਿੰਘ ਜੀ ਨੂੰ ਗੁਰਮਤਿ ਸੰਗੀਤ ਅਤੇ ਸਿੱਖ ਪੰਥ ਪ੍ਰਤੀ ਦਿੱਤੀਆਂ ਮਹਾਨ ਸੇਵਾਵਾਂ ਲਈ ਵਿਸ਼ੇਸ਼ ਤੌਰ 'ਤੇ **ਬਾਬਾ ਸ਼ੇਖ ਫਰੀਦ ਅਵਾਰਡ** ਨਾਲ ਸਨਮਾਨਿਤ ਕੀਤਾ ਗਿਆ।ਬਾਬਾ ਸ਼ੇਖ ਫਰੀਦ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਇਸ ਵਿਸ਼ੇਸ਼ ਗੁਰਮਤਿ ਸਮਾਗਮ ਵਿੱਚ ਗੁਰਦੁਆਰਾ ਸਾਹਿਬ ਵੱਲੋਂ ਚਲਾਏ ਜਾ ਰਹੇ ਖਾਲਸਾ ਸਕੂਲ ਦੀ ਸਵੇਰ ਦੀ ਸਭਾ ਵਿੱਚ ਡਾ. ਗੁਰਨਾਮ ਸਿੰਘ ਜੀ ਵੱਲੋਂ ਸਕੂਲ ਦੇ ਵਿਦਿਆਰਥੀਆਂ ਨੂੰ ਸੰਬੋਧਨ ਕੀਤਾ ਗਿਆ। ਜਿਸ ਵਿੱਚ ਉਨ੍ਹਾਂ ਨੇ ਵਿਦਿਆਰਥੀਆਂ ਨੂੰ ਸ਼ਬਦ ਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਗੁਰਮਤਿ ਸੰਗੀਤ ਬਾਰੇ ਅਹਿਮ ਜਾਣਕਾਰੀ ਦਿੱਤੀ। ਇਸ ਸਭਾ ਵਿੱਚ ਵੱਡੀ ਗਿਣਤੀ ਵਿੱਚ ਵਿਦਿਆਰਥੀਆਂ ਤੋਂ ਇਲਾਵਾ ਖਾਲਸਾ ਸਕੂਲ ਦੇ ਪ੍ਰਿੰਸੀਪਲ ਡਾ. ਗੁਰਪ੍ਰੀਤ ਸਿੰਘ ਬਿੰਦਰਾ, ਡਾ. ਰਵਰੀਤ ਕੌਰ ਅਤੇ ਸਮੂਹ ਅਧਿਆਪਕ ਹਾਜ਼ਰ ਰਹੇ।ਡਾ. ਗੁਰਨਾਮ ਸਿੰਘ ਜੀ ਨੇ ਇਸ ਦੀਵਾਨ ਵਿੱਚ ਸ਼ੇਖ ਫਰੀਦ ਜੀ ਦੀ ਬਾਣੀ ਦਾ ਵਿਸ਼ੇਸ਼ ਦਾ ਰੂਪ ਵਿੱਚ ਗਾਇਨ ਕਰਕੇ ਸੰਗਤਾਂ ਨੂੰ ਸ਼ਰਸ਼ਾਰ ਕੀਤਾ ਤੇ ਨਾਲ ਹੀ ਸੰਗਤਾਂ ਨੂੰ ਸ਼ੇਖ ਫਰੀਦ ਜੀ ਦੀ ਬਾਣੀ ਵਿੱਚ ਅਧਿਆਤਮਿਕਤਾ ਅਤੇ ਪੰਜਾਬੀ ਸਾਹਿਤ ਵਿੱਚ ਉਨ੍ਹਾਂ ਦੇ ਵਡਮੁੱਲੇ ਯੋਗਦਾਨ ਬਾਰੇ ਜਾਣੂ ਕਰਵਾਇਆ।ਇਨ੍ਹਾਂ ਸਮਾਗਮਾਂ ਵਿੱਚ ਹੋਰਨਾਂ ਤੋਂ ਇਲਾਵਾ ਭਾਈ ਨਾਇਬ ਸਿੰਘ ਜੀ ਵੱਲੋਂ ਸਮੂਹ ਫਰੀਦਕੋਟ ਵਾਸੀ ਸੰਗਤਾਂ ਦੀ ਨੁਮਾਇੰਦਗੀ ਕਰਦਿਆਂ ਹਾਜ਼ਰੀ ਭਰੀ ਗਈ।ਇਸ ਤੋਂ ਇਲਾਵਾ ਭਾਈ ਬਲਵਿੰਦਰ ਸਿੰਘ, ਭਾਈ ਸਰਬਜੀਤ ਸਿੰਘ, ਭਾਈ ਹਰਪਾਲ ਸਿੰਘ ਅਤੇ ਭਾਈ ਪਰਵਿੰਦਰ ਸਿੰਘ ਜੀ ਦੇ ਜਥਿਆਂ ਵਲੋਂ ਕੀਰਤਨ ਦੀ ਹਾਜ਼ਰੀ ਲਗਵਾਈ ਗਈ।





# ਸ੍ਰੀ ਗੁਰੂ ਅਮਰਦਾਸ ਜੀ ਦੀ ਗੁਰਮਤਿ ਸੰਗੀਤ ਨੂੰ ਦੇਣ

**ਅਜੈਪਾਲ ਸਿੰਘ ਚਵਿੰਡਾ**

ਸ੍ਰੀ ਗੁਰੁ ਨਾਨਕ ਦੇਵ ਜੀ ਦੀ ਇਲਾਹੀ ਜੋਤ ਤੀਜੇ ਜਾਮੇ ਵਿਚ ਵਿਚਰੀ ਉਸ ਜਾਮੇ ਦਾ ਨਾਮ ਸ੍ਰੀ ਗੁਰੂ ਅਮਰਦਾਸ ਜੀ ਸੀ। ਆਪ ਜੀ ਦਾ ਪ੍ਰਕਾਸ਼ ੫ ਮਈ ੧੪੭੯ ਈ. ਨੂੰ ਪਿੰਡ ਬਾਸਰਕੇ ਜ਼ਿਲ੍ਹਾ ਅੰਮ੍ਰਿਤਸਰ ਵਿਚ ਪਿਤਾ ਤੇਜ ਭਾਨ ਜੀ ਦੇ ਗ੍ਰਹਿ ਵਿਖੇ ਹੋਇਆ। ਸਧਾਰਨ ਪਰਿਵਾਰ ਵਿਚ ਪੈਦਾ ਹੋਏ ਸ੍ਰੀ ਗੁਰੂ ਅਮਰਦਾਸ ਜੀ ਆਰੰਭਕ ਜੀਵਨ ਤੋਂ ਹੀ ਧਾਰਮਿਕ ਵਿਚਾਰਾਂ ਦੇ ਸਨ। ਆਪ ੧੨ ਸਾਲ ਤੱਕ ਗੁਰੂ ਘਰ ਦੇ ਅਨਿਨ ਸੇਵਕ ਰਹੇ। ਗੁਰੁ ਘਰ ਦੀ ਸੇਵਾ ਲਗਨ ਅਤੇ ਪਿਆਰ ਸਦਕਾ ਹੀ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਆਪ ਜੀ ਨੂੰ ੧੫੫੨ ਈ. ਵਿਚ ਗੁਰਿਆਈ ਦਿੱਤੀ।

ਗੁਰਮਤਿ ਸੰਗੀਤ ਨੂੰ ਦੇਣ- ਗੁਰੁ ਜੀ ਨੇ ਗੁਰੁ ਨਾਨਕ ਦੁਆਰਾ ਚਲਾਈ ਗੁਰਬਾਣੀ ਅਤੇ ਗੁਰਮਤਿ ਸੰਗੀਤ ਦੀ ਧਾਰਾ ਨੂੰ ਪ੍ਰਵਾਹਿਤ ਕੀਤਾ। ਗੁਰਮਤਿ ਸੰਗੀਤ ਪ੍ਰੰਪਰਾ ਦੇ ਵਿਕਾਸ ਵਿਚ ਆਪਣਾ ਵਢੇਰਾ ਯੋਗਦਾਨ ਪਾਉਂਦੇ ਹੋਏ ਸ੍ਰੀ ਗੁਰੁ ਅਮਰਦਾਸ ਜੀ ਨੇ ਮੰਜੀ ਪ੍ਰਣਾਲੀ ਦਾ ਵਿਕਾਸ ਕੀਤਾ। ਮੰਜੀ ਤੋਂ ਭਾਵ ਕਿ ਗੁਰੁ ਸਾਹਿਬ ਦੇ ਵਿਚਾਰਧਾਰਕ ਸੰਦੇਸ਼ ਦਾ ਪ੍ਰਚਾਰ ਕਰਨ ਹਿੱਤ ਕਿਸੇ ਉੱਚੇ-ਸੁੱਚੇ ਜੀਵਨ ਵਾਲੇ ਸ਼ਖ਼ਸ ਦੀ ਨਿਯੁਕਤੀ ਕਰਨੀ। ਇਸ ਪ੍ਰਕਾਰ ਆਪ ਨੇ ਗੁਰਮਤਿ ਸੰਗੀਤ ਪ੍ਰਚਾਰ ਹਿੱਤ ੨੨ ਵਿਦਵਾਨਾਂ ਪ੍ਰਚਾਰਕਾਂ ਨੂੰ ਪੰਜਾਬ ਦੇ ਵੱਖੋ-ਵੱਖਰੇ

ਭਾਗਾਂ ਵਿਚ ਭੇਜਿਆ। ਬੀਬੀਆਂ ਨੂੰ ਵੀ ਪ੍ਰਚਾਰ ਦਾ ਕੰਮ ਸੌਂਪਿਆ ਅਤੇ ਪ੨ ਪੀੜੇ ਬਖ਼ਸ਼ਿਸ਼ ਕਰਕੇ ਧਰਮ ਅਤੇ ਗੁਰਮਤਿ ਸੰਗੀਤ ਦੀ ਸੇਵਾ ਵਿਚ ਭਾਈਵਾਲ ਬਣਾਇਆ। ਸੰਗਤਾਂ ਵਿਚ ਭਾਈਚਾਰਕ ਸਾਂਝ ਨੂੰ ਮਜ਼ਬੂਤ ਕਰਨ ਲਈ ਦੀਵਾਲੀ ਅਤੇ ਵਿਸਾਖੀ ਤੇ ਜੋੜ-ਮੇਲਿਆਂ ਦੀ ਪ੍ਰਥਾ ਚਲਾਈ। ਗੋਇੰਦਵਾਲ ਸਾਹਿਬ ਵਿਖੇ ਪਾਣੀ ਦੀ ਥੁੜ ਨੂੰ ਦੂਰ ਕਰਨ ਲਈ ਬਉਲੀ ਦੀ ਉਸਾਰੀ ਕੀਤੀ। ਊਚ-ਨੀਚ ਦਾ ਭਰਮ-ਭੇਦ ਦੂਰ ਕਰਨ ਲਈ ਪਹਿਲੇ ਪੰਗਤ ਪਾਛੈ ਸੰਗਤ ਦਾ ਸਿਧਾਂਤ ਚਾਲੂ ਕੀਤਾ। ਪੜਦੇ ਦੀ ਰਸਮ ਤੇ ਸਤੀ ਪ੍ਰਥਾ ਨੂੰ ਬੰਦ ਕਰਾਇਆ। ਆਪ ਜੀ ਨੇ ਮਰਨੇ-ਪਰਨੇ ਤੇ ਹੋਣ ਵਾਲੀਆਂ ਫੋਕਟ ਰਸਮਾਂ-ਰਿਵਾਜਾਂ ਨੂੰ ਬੰਦ ਕਰਨ ਦਾ ਪ੍ਰਚਾਰ ਕੀਤਾ।

ਵੱਖ-ਵੱਖ ਰਾਗਾਂ ਵਿਚ ਬਾਣੀ ਦੀ ਰਚਨਾ- ਗੁਰੁ ਜੀ ਨੇ ਵੱਖ-ਵੱਖ ਰਾਗਾਂ ਵਿਚ ਬਾਣੀ ਦੀ ਰਚਨਾ ਕੀਤੀ। ਸ੍ਰੀ ਗੁਰੁ ਗ੍ਰੰਥ ਸਾਹਿਬ ਅਧੀਨ ਵਿਭਿੰਨ ਰਾਗਾਂ ਵਿਚ ਆਪ ਜੀ ਦੇ ੯੦੭ ਸ਼ਬਦ ਤੇ ਸਲੋਕ ਦਰਜ ਹਨ। ਜਿਨ੍ਹਾਂ ਰਾਗਾਂ ਵਿਚ ਆਪ ਜੀ ਨੇ ਬਾਣੀ ਰਚੀ ਉਹ ਇਸ ਪ੍ਰਕਾਰ ਹਨ- ਰਾਗ ਸਿਰੀ, ਮਾਝ, ਗਉੜੀ, ਗਉੜੀ ਗੁਆਰੇਰੀ, ਗਉੜੀ ਬੈਰਾਗਣ, ਗਉੜੀ ਪੂਰਬੀ, ਆਸਾ, ਆਸਾ ਕਾਫੀ, ਗੂਜਰੀ, ਵਡਹੰਸ, ਸੋਰਠਿ, ਧਨਾਸਰੀ, ਸੂਹੀ, ਬਿਲਾਵਲ, ਰਾਮਕਲੀ, ਭੈਰਉ, ਬਸੰਤ, ਸਾਰੰਗ, ਮਲਾਰ, ਪ੍ਰਭਾਤੀ ਆਦਿ। ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਗੁਰੁ ਜੀ ਰਾਗਾਂ ਦੇ ਪੂਰਨ ਗਿਆਤਾ ਸਨ। ਇਹ ਹੀ ਨਹੀਂ ਇਹਨਾਂ ਨੇ ਰਾਗ

ਦੀ ਪ੍ਰਕਿਰਤੀ ਅਤੇ ਰਸ ਅਨੁਸਾਰ ਸ਼ਬਦਾਂ ਦੀ ਰਚਨਾ ਕਰਕੇ ਗੁਰਮਤਿ ਸੰਗੀਤ ਪ੍ਰਤੀ ਸੂਖਮ ਸੂਝ-ਬੂਝ ਦਾ ਪ੍ਰਮਾਣ ਦਿੱਤਾ ਹੈ।

ਉਦਾਹਰਨ ਦੇ ਤੌਰ ਤੇ:

ਮ:੩॥

ਕਾਜਲ ਫੂਲ ਤੰਬੋਲ ਰਸੁ ਲੇ ਧਨ ਕੀਆ ਸੀਗਾਰੁ॥

ਸੇਜੈ ਕੰਤੁ ਨ ਆਇਓ ਏਵੈ ਭਇਆ ਵਿਕਾਰੁ॥੨॥ (ਆਦਿ ਗ੍ਰੰਥ ਪੰਨਾ ੭੮੮)

ਇਸ ਤਰ੍ਹਾਂ ਬਸੰਤ ਅਤੇ ਮਲਾਰ ਰਾਗਾਂ ਵਿਚ ਵੀ ਸ਼ਬਦਾਂ ਦੀ ਰਚਨਾ ਰਾਗ ਦੀ ਪ੍ਰਕਿਰਤੀ ਅਨੁਸਾਰ ਮਿਲਦੀ ਹੈ ।

ਬਸੰਤੁ ਮਹਲਾ ੩ ॥

ਬਸੰਤੁ ਚੜਿਆ ਫੂਲੀ ਬਨਰਾਇ ॥
ਏਹਿ ਜੀਅ ਜੰਤ ਫੂਲਹਿ ਹਰਿ ਚਿਤੁ ਲਾਇ ॥੧॥ (*ਗੁਰੂ ਗ੍ਰੰਥ ਸਾਹਿਬ ਅੰਗ*

*੧੧੭੬*)

ਵਾਰ ਮਲਾਰ ਮਹਲਾ ੩॥

ਊਨਵਿ ਊਨਵਿ ਆਇਆ ਵਰਸੈ ਲਾਇ ਝੜੀ॥

ਨਾਨਕ ਭਾਣੈ ਚਲੈ ਕੰਤ ਕੈ ਸੁ ਮਾਣੇ ਸਦਾ ਰਲੀ॥ (ਗੁਰੂ ਗ੍ਰੰਥ ਸਾਹਿਬ ਪੰਨਾ ੧੨੮੦)

ਵੱਖ-ਵੱਖ ਗਾਇਨ ਸ਼ੈਲੀਆਂ ਦਾ ਪ੍ਰਯੋਗ - ਗੁਰੂ ਜੀ ਨੇ ਆਪਣੀ ਬਾਣੀ ਵਿਚ ਵੱਖ-ਵੱਖ ਗਾਇਨ ਸ਼ੈਲੀਆਂ ਦਾ ਪ੍ਰਯੋਗ ਕੀਤਾ। ਵੱਖ-ਵੱਖ ਰਾਗਾਂ ਅਧੀਨ ਪਦੇ, ਅਸ਼ਟਪਦੀਆਂ, ਛੰਤ, ਸੋਹਿਲੇ, ਵਾਰ ਗਾਇਨ, ਸ਼ੈਲੀਆਂ ਆਦਿ ਬਾਣੀ ਵਿਚ ਵੱਖ-ਵੱਖ ਗਾਇਨ ਸ਼ੈਲੀਆਂ ਦਾ ਪ੍ਰਯੋਗ ਕੀਤਾ।

ਅਨੰਦੁ ਸਾਹਿਬ ਬਾਣੀ ਦੀ ਰਚਨਾ- ਅਨੰਦੁ ਸਾਹਿਬ ਆਪ ਜੀ ਦੀ ਵਿਸ਼ੇਸ਼ ਰਚਨਾ ਹੈ ਜੋ ਕਿ ਰਾਮਕਲੀ ਰਾਗ ਵਿਚ ਰਚੀ ਗਈ ਹੈ॥ ਅਨੰਦੁ ਸਾਹਿਬ ਸਿੱਖ ਧਰਮ ਵਿਚ ਨਿੱਤਨੇਮ ਦੀਆਂ ਬਾਣੀਆਂ ਵਿਚੋਂ ਇਕ ਹੈ ਅਤੇ ਹਰ ਖੁਸ਼ੀ ਅਤੇ ਗਮੀ ਦੇ ਮੌਕੇ ਦੇ ਅੰਤ ਵਿਚ ਇਸ ਨੂੰ ਗਾਇਨ ਕਰਨ ਦੀ ਪ੍ਰਥਾ ਹੈ।

ਗੁਰੂ ਜੀ ਦੀ ਬਾਣੀ ਅਤੇ ਸੰਗੀਤ ਦਾ ਸੰਬੰਧ ਅਦੁੱਤੀ ਅਤੇ ਅਨਿੱਖੜ ਅੰਗ ਹੈ। ਸ਼ਿੰਗਾਰ-ਰਸੀ ਭਾਵਾਂ ਦੀ ਬਾਣੀ ਲਈ ਉਹਨਾਂ ਸੂਹੀ ਰਾਗ ਦਾ ਪ੍ਰਯੋਗ ਕੀਤਾ ਹੈ। ਮੌਸਮਾਂ ਦੇ ਚਿਤਰਣ ਲਈ ਉਹਨਾਂ ਨੇ ਬਸੰਤ ਅਤੇ ਮਲਾਰ ਵਰਗੇ ਰਾਗਾਂ ਦੀ ਵਰਤੋਂ ਕੀਤੀ ਹੈ। ਉਹਨਾਂ ਦੀ ਬਾਣੀ ਦੇ ਸੰਗੀਤ ਵਿਗਿਆਨਕ ਅਧਿਐਨ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਉਹ ਗੁਰਬਾਣੀ ਦੀ ਰਚਨਾ ਸਮੇਂ ਉਸਦੇ ਸੰਗੀਤ ਨਾਲ ਸਹੀ ਸੁਮੇਲ ਤੋਂ ਪੂਰਨ ਰੂਪ ਵਿਚ ਸੁਚੇਤ ਸਨ। ਗੁਰੂ ਜੀ

ਦੇ ਸਮੇਂ ਵੀ ਕੀਰਤਨ ਨੂੰ ਮਹੱਤਵਪੂਰਨ ਸਥਾਨ ਮਿਲਿਆ। ਇਸ ਦਾ ਪ੍ਰਮਾਣ ਅਨੰਦੁ ਸਾਹਿਬ ਦੇ ਇਸ ਹਵਾਲੇ ਤੋਂ ਮਿਲਦਾ ਹੈ:

ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ॥

ਬਾਣੀ ਤ ਗਾਵਹੁ ਗੁਰੂ ਕੇਰੀ ਬਾਣੀਆ ਸਿਰਿ ਬਾਣੀ॥

(ਆਦਿ ਗ੍ਰੰਥ ਪੰਨਾ ੯੨੦)

ਗੁਰਮਤਿ ਸੰਗੀਤ ਦੇ ਪ੍ਰਚਾਰ ਅਤੇ ਪ੍ਰਸਾਰ ਹਿੱਤ ਗੁਰੁ ਜੀ ਨੇ ਵੱਖ-ਵੱਖ ਰਾਗਾਂ ਅਧੀਨ ਬਾਣੀ ਨੂੰ ਰਚਿਆ ਤੇ ਉਸਦਾ ਗਾਇਨ ਗੁਰੁ ਦਰਬਾਰ ਵਿਚ ਸਵੇਰੇ ਸ਼ਾਮ ਨੂੰ ਨਿੱਤ-ਪ੍ਰਤੀ ਕੀਤਾ ਜਾਂਦਾ ਸੀ।

ਕੀਰਤਨ ਕੇਂਦਰ ਸੀ ਸਥਾਪਨਾ- ਗੁਰੂ ਜੀ ਨੇ ਗੁਰੁ ਨਾਨਕ ਦੇਵ ਜੀ ਦੁਆਰਾ ਚਲਾਈ ਗਈ ਕੀਰਤਨ ਦੀ ਮਰਯਾਦਾ ਨੂੰ ਕਾਇਮ ਰੱਖਿਆ ਅਤੇ ਗੁਰਮਤਿ ਸੰਗੀਤ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਕੀਰਤਨ ਦਾ ਤੀਜਾ ਕੇਂਦਰ ਗੋਇੰਦਵਾਲ ਸਾਹਿਬ ਵਸਾਇਆ ਜਿਥੇ ਗੁਰਬਾਣੀ ਦਾ ਕੀਰਤਨ ਸਵੇਰੇ ਸ਼ਾਮ ਨੇਮ ਨਾਲ ਹੁੰਦਾ ਸੀ। ਆਪ ਦੇ ਦਰਬਾਰ ਵਿਚ ਭਾਈ ਸੱਤਾ ਬਲਵੰਡ, ਭਾਈ ਪਾਂਧਾ ਤੇ ਬੂਲਾ ਆਦਿ ਰਬਾਬੀ ਕੀਰਤਨੀਏ ਸਨ ਜੋ ਗੁਰਬਾਣੀ ਦਾ ਕੀਰਤਨ ਕਰਦੇ ਸਨ।

ਗੋਇੰਦਵਾਲ ਦੇ ਸੰਬੰਧ ਵਿਚ ਸ੍ਰੀ ਗੁਰੁ ਗ੍ਰੰਥ ਸਾਹਿਬ ਵਿਚ ਇਸ ਪ੍ਰਕਾਰ ਬਿਆਨਿਆ ਗਿਆ ਹੈ:

ਗੋਬਿੰਦ ਵਾਲੁ ਗੋਬਿੰਦ ਪੁਰੀ ਸਮ ਜਲੵਨ ਤੀਰਿ ਬਿਪਾਸ ਬਨਾਯਉ॥

ਗਯਉ ਦੁਖੁ ਦੂਰਿ ਬਰਖਨ ਕੋ ਸੁ ਗੁਰੁ ਮੁਖੁ ਦੇਖਿ ਗਰੂ ਸੁਖੁ ਪਾਯਉ॥

(ਆਦਿ ਗ੍ਰੰਥ ਅੰਗ ੧੪੦੦)

ਸੋ ਗੁਰੂ ਜੀ ਨੇ ਗੁਰੂ ਨਾਨਕ ਦੇਵ ਜੀ ਦੁਆਰਾ ਚਲਾਈ ਗਈ ਕੀਰਤਨ ਪ੍ਰਥਾ ਨੂੰ ਕਾਇਮ ਰੱਖਿਆ ਤੇ ਗੁਰਮਤਿ ਸੰਗੀਤ ਦੇ ਪ੍ਰਚਾਰ ਤੇ ਪ੍ਰਸਾਰ ਦਾ ਕੇਂਦਰ ਗੋਇੰਦਵਾਲ ਸਾਹਿਬ ਨੂੰ ਬਣਾਇਆ।

*ਤੰਤੀ ਸਾਜ਼ ਦਾ ਆਵਿਸ਼ਕਾਰ:*

ਗੁਰੁ ਜੀ ਦੁਆਰਾ ਗੁਰਮਤਿ ਸੰਗੀਤ ਦੇ ਪ੍ਰਚਾਰ ਅਤੇ ਪ੍ਰਸਾਰ ਹਿੱਤ ਇਕ ਤੰਤੀ ਸਾਜ਼ ਦਾ ਆਵਿਸ਼ਕਾਰ ਕੀਤਾ ਜਿਸ ਦਾ ਨਾਮ ਸਾਰੰਦਾ ਹੈ। ਇਸ ਸਾਜ਼ ਨੂੰ ਗੁਰੂ ਜੀ ਕੀਰਤਨ ਕਰਨ ਵੇਲੇ ਵਜਾਇਆ ਕਰਦੇ ਸਨ ਤੇ ਇਸ ਸਾਜ਼ ਦੀ ਵਰਤੋਂ ਰਬਾਬੀ ਕੀਰਤਨੀਏ ਵੀ ਕੀਰਤਨ ਕਰਨ ਵੇਲੇ ਕਰਦੇ ਸਨ।

ਇਸ ਸਾਜ਼ ਦੀ ਵਰਤੋਂ ਗੁਰਮਤਿ ਸੰਗੀਤ ਵਿਚ ਅੱਜ ਵੀ ਕੀਤੀ ਜਾਂਦੀ ਹੈ। ਦਰਬਾਰ ਸਾਹਿਬ ਅੰਮ੍ਰਿਤਸਰ ਸਾਹਿਬ ਵਿਖੇ ਇਸ ਸਾਜ਼ ਦੀ ਵਰਤੋਂ ਰਾਗੀ ਸਿੰਘ ਕੀਰਤਨ ਵੇਲੇ ਕਰਦੇ ਹਨ।

ਸਿੱਖ ਅਜਾਇਬਘਰ ਅੰਮ੍ਰਿਤਸਰ ਸਾਹਿਬ ਵਿਚ ਇਕ ਸਾਰੰਦਾ ਰੱਖਿਆ ਹੋਇਆ ਹੈ ਜੋ ਗੁਰੂ ਅਮਰਦਾਸ ਜੀ ਦੁਆਰਾ ਬਣਾਇਆ ਗਿਆ ਹੈ। ਸੋ ਗੁਰੂ ਜੀ ਨੇ ਗੁਰਮਤਿ ਸੰਗੀਤ ਦੇ ਪ੍ਰਚਾਰ ਅਤੇ ਪ੍ਰਸਾਰ ਹਿੱਤ ਇਸ ਸਾਜ਼ ਦਾ ਈਜਾਦ ਕੀਤਾ। ਇਸ ਦਾ ਜ਼ਿਕਰ 'ਕਾਨੂੰਨੇ ਮੌਸੀਕੀ' ਪੁਸਤਕ ਦੇ ਲੇਖਕ ਨੇ ਵੀ ਕੀਤਾ ਹੈ। ਗੁਰੂ ਸਾਹਿਬ ਜੀ ਦੀ ਤੰਤੀ ਸਾਜ਼ ਦੀ ਇਹ ਦੇਣ ਗੁਰਮਤਿ ਸੰਗੀਤ ਦੀ ਵਿਸ਼ੇਸ਼ ਨਿਧੀ ਹੈ।

ਉਪਰੋਕਤ ਵਰਣਨ ਤੋਂ ਸਪੱਸ਼ਟ ਹੈ ਕਿ ਗੁਰੂ ਜੀ ਦਾ ਗੁਰਮਤਿ ਸੰਗੀਤ ਵਿਚ ਵਿਸ਼ੇਸ਼ ਤੇ ਮਹਾਨ ਯੋਗਦਾਨ ਹੈ। ਉਹਨਾਂ ਨੇ ਵੱਖ-ਵੱਖ ਰਾਗਾਂ ਵਿਚ ਬਾਣੀ ਦਾ ਉਚਾਰਨ ਕੀਤਾ। ਗੁਰੂ ਜੀ ਨੇ ਗੁਰੂਮਤਿ ਸੰਗੀਤ ਦੇ ਪ੍ਰਚਾਰ ਅਤੇ ਪ੍ਰਸਤਰ ਵਿਚ ਵੱਖ-ਵੱਖ ਰਾਗਾਂ, ਕੀਰਤਨ ਕੇਂਦਰਾਂ, ਤੰਤੀ ਸਾਜ਼, ਵੱਖ-ਵੱਖ ਗਾਇਨ ਸ਼ੈਲੀਆਂ ਅਤੇ ਮੰਜੀ ਪ੍ਰਥਾ ਆਦਿ ਦਾ ਆਵਿਸ਼ਕਾਰ ਕੀਤਾ। ਫਲਸਰੂਪ ਗੁਰਮਤਿ ਸੰਗੀਤ ਇਕ ਪ੍ਰਫੁੱਲਤ ਸੰਗੀਤ ਪਰੰਪਰਾ ਦੇ ਰੂਪ ਵੱਜੋਂ ਵਿਦਮਾਨ ਹੋ ਗਿਆ ਹੈ।

ਇਹ ਹੀ ਨਹੀਂ ਸਗੋਂ ਗੁਰਮਤਿ ਸੰਗੀਤ ਪ੍ਰੰਪਰਾ ਨੂੰ ਪ੍ਰਮਾਣਿਕ ਅਤੇ ਸਥਾਪਿਤ ਰੂਪ ਪ੍ਰਦਾਨ ਕਰਨ ਲਈ ਗੁਰੂ ਜੀ ਨੇ ਰੋਜ਼ਾਨਾ ਬਾਣੀ ਦੇ ਗਾਇਨ ਨਾਲ ਇਸ ਨੂੰ ਜੀਵਨ ਦਾ ਅਨਿੱਖੜ ਅੰਗ ਬਣਾਇਆ। ਗੁਰਮਤਿ ਸੰਗੀਤ ਦੇ ਉਪਰੋਕਤ ਵਿਕਾਸ ਤੋਂ ਇਸਦੀ ਵਿਲੱਖਣਤਾ ਤਾਂ ਉਜਾਗਰ ਹੁੰਦੀ ਹੈ ਨਾਲ ਹੀ ਗੁਰਮਤਿ ਸੰਗੀਤ ਨੂੰ ਵਿਕਸਿਤ ਕਰਨ ਵਿਚ ਗੁਰੂ ਜੀ ਦਾ ਵੱਡਾ ਯੋਗਦਾਨ ਹੈ।

ਸਹਾਇਕ ਪ੍ਰੋਫੈਸਰ ਮਿਊਜ਼ਿਕ ਵੋਕਲ

ਬਾਬਾ ਅਜੈ ਸਿੰਘ ਖਾਲਸਾ ਕਾਲਜ

ਗੁਰਦਾਸ ਨੰਗਲ ਗੁਰਦਾਸਪੁਰ

ਫੋਨ: 9464265464

Email: singhajaypal2610@gmail.com

# ਮੇਰੇ ਭਾਪਾ ਜੀ

## ਪਰਮਜੀਤ ਕੌਰ ਸਰਹਿੰਦ

ਰੂਹਾਨੀ ਰਿਸ਼ਤਿਆਂ ਦੇ ਰਚੇਤੇ ਨੂੰ ਚੇਤੇ ਕਰਦਿਆਂ ਜਦੋਂ ਜਦੋਂ ਵੀ ਸਾਥੋਂ ਕੋਈ ਆਪਣਾ ਵਿਛੜਦਾ ਹੈ ਤੇ ਵਿਛੜ ਕੇ ਜੀਰਾਂਦੀ ਜਾਂ ਸੌਂਦਾ ਹੈ, ਅਸੀਂ ਉਸਦੇ ਵਿਛੋੜੇ ਵਿੱਚ ਤੜਪਦੇ ਸੋਗਵਾਨ ਹੁੰਦੇ ਹਾਂ। ਦਿਲ ਦੁਖ ਨਾਲ ਧੁਰ ਅੰਦਰ ਤੱਕ ਵਲੂੰਧਰਿਆ ਜਾਂਦਾ ਹੈ। ਜਿੰਨਾ ਕੋਈ ਜਾਣ ਵਾਲੇ ਦੇ ਨੇੜੇ ਹੁੰਦਾ ਹੈ ਉਹ ਉਸੇ ਤਰ੍ਹਾਂ ਉਸ ਨੂੰ ਯਾਦ ਕਰਦਾ ਹੈ। ਆਪਣੇ ਕਿਸੇ ਅਤਿ ਪਿਆਰੇ ਦੇ ਤੁਰ ਜਾਣ ’ਤੇ ਪਹਿਲਾਂ ਅਸੀਂ ਦਿਨ ਗਿਣਦੇ ਹਾਂ ਫਿਰ ਮਹੀਨੇ ਗਿਣਦੇ ਹਾਂ, ਆਖ਼ਰ ਜਦੋਂ ਵਰ੍ਹਾ ਹੋਣ ’ਤੇ ਆ ਜਾਂਦਾ ਹੈ ਤਾਂ ਯਾਦਾਂ ਦੇ ਕਾਫ਼ਲੇ ਰੂਹ ਦੇ ਦੁਆਲੇ ਝੁਰਮਟ ਪਾ ਸੱਥਰੀਂ ਆ ਬੈਠਦੇ ਨੇ!

ਇਸੇ ਤਰ੍ਹਾਂ ਸਤਿਕਾਰਯੋਗ ਤੇ ਅਤਿ ਪਿਆਰੇ ਭਾਈ ਉੱਤਮ ਸਿੰਘ ਜੀ ਪਤੰਗ (ਜਿਨ੍ਹਾਂ ਨੂੰ ਮੈਂ ਪਿਤਾ ਦਾ ਆਦਰ ਦੇਂਦਿਆਂ ‘ਭਾਪਾ ਜੀ’ ਕਹਿੰਦੀ ਸਾਂ) ਨੂੰ ਤੁਰ ਗਿਆਂ ਵਰ੍ਹਾ ਹੋਣ ’ਤੇ ਆ ਗਿਆ ਹੈ। ਉਨ੍ਹਾਂ ਦੇ ਜਾਣ ’ਤੇ ਮੇਰੇ ਸੋਗਵਾਰ ਮਨ ਨੇ ਘੰਟੇ, ਦਿਨ ਤੇ ਮਹੀਨੇ ਗਿਣੇ ਨੇ ਤੇ ਹੁਣ ਜਦੋਂ ਉਨ੍ਹਾਂ ਨੂੰ ਵਿਛੜਿਆਂ ਵਰ੍ਹਾ ਹੋਣ ਲੱਗਾ ਹੈ ਤਾਂ ਯਾਦਾਂ ਦੇ ਕਾਫ਼ਲੇ ਮੇਰੇ ਦਿਲ ਦੀ ਫੂਹੜੀ ’ਤੇ ਆ ਬੈਠੇ ਨੇ। ਅਜਿਹੇ ਮੌਕਿਆਂ ’ਤੇ ਆਪੇ ਹੀ ਰੋ ਕੇ ਆਪੇ ਹੀ ਅੱਥਰੂ ਪੂੰਝਣੇ ਪੈਂਦੇ ਨੇ –

ਗ਼ਮ ਦੇ ਸੱਥਰੀਂ ਬੈਠ ਕੇ ਮੈਂ ਦਿਲ ਨੂੰ ਰਹੀ ਵਰਾ,

ਯਾਦਾਂ ਬੰਨ੍ਹ ਬੰਨ੍ਹ ਆਈਆਂ ਕਾਫ਼ਲੇ ਇਹਨੂੰ ਗਈਆਂ ਰੁਆ,

ਅੱਜ ਭਰ ਭਰ ਛੱਲਾਂ ਡੋਲ੍ਹਦਾ ਸੋਗੀ ਦਿਲ ਦਰਿਆ,

ਕੌਣ ਦੇਵੇ ਮੱਤਾਂ ਏਸ ਨੂੰ ਸਾਡਾ ਰਹਿਬਰ ਰੁੱਸ ਗਿਆ।

ਆਮ ਤੌਰ ’ਤੇ ਲੋਕੀਂ ਪਤੰਗ ਸਾਹਿਬ ਨੂੰ ਇੱਕ ਮਹਾਨ ਕੀਰਤਨੀਏ, ਗੁਰੂ-ਘਰ ਦੇ ਪ੍ਰੇਮੀ, ਨਿਮਰਤਾ ਦੇ ਪੁੰਜ, ਮਿੱਠ-ਬੋਲੜੇ, ਦਰਦਮੰਦਾਂ ਦੇ ਦਰਦੀ ਗੁ: ਫ਼ਤਹਿਗੜ੍ਹ ਸਾਹਿਬ ਦੇ ਅਤੇ ਗੁ: ਦੂਖ ਨਿਵਾਰਨ ਸਾਹਿਬ, ਪਟਿਆਲਾ ਦੇ ਹਜ਼ੂਰੀ ਰਾਗੀ ਦੇ ਰੂਪ ਵਿੱਚ ਜਾਣਦੇ ਅਤੇ ਬਹੁਤ ਮਾਣ ਸਤਿਕਾਰ ਦੇਂਦੇ ਸਨ। ਪਿਛਲੇ ਵਰ੍ਹੇ ਵੀ ਇਹ ਚਰਚੇ ਹੋਏ ਸਨ, ਹੁਣ ਵੀ ਹੋਣਗੇ ਤੇ ਪਤਾ ਨਹੀਂ ਕਦੋਂ ਤੱਕ ਹੁੰਦੇ ਰਹਿਣਗੇ ਜੋ ਕਿਸੇ ਦੇ ਭਾਗੀਂ ਹੀ ਹੁੰਦੇ ਹਨ।

ਪਤੰਗ ਸਾਹਿਬ ਵਧੀਆ ਕੀਰਤਨੀਏ ਤੋਂ ਇਲਾਵਾ ਇਕ ਬਹੁਤ ਵਧੀਆ ਪਰਿਵਾਰਕ ਤੇ ਸੰਸਾਰਿਕ ਇਨਸਾਨ ਵੀ ਸਨ। ਪੜ੍ਹਿਆ ਵੀ ਹੈ ਤੇ ਸੁਣਿਆ ਵੀ ਕਿ ਕਈ ਵਾਰ ਬਾਣੀ ਪੜ੍ਹਨ ਵਾਲੇ ਹਰ ਜਸ ਗਾਇਨ ਕਰਨ ਵਾਲੇ ਪ੍ਰਭੂ ਪ੍ਰੇਮ ਭਗਤੀ ਵਿਚ ਲੀਨ ਦੁਨਿਆਵੀ ਰਿਸ਼ਤੇ-ਨਾਤਿਆਂ ਤੋਂ ਅਟੰਕ ਹੋ ਜਾਂਦੇ ਹਨ ਪਰ ਭਾਪਾ ਜੀ ਵਿੱਚ ਅਜੇਹੀ ਕੋਈ ਗੱਲ ਨਹੀਂ ਸੀ। ਉਹ ਖ਼ੂਨ ਦੇ ਰਿਸ਼ਤਿਆਂ ਨੂੰ ਤਾਂ ਗਲ ਲਾਉਂਦੇ ਹੀ ਸਨ ਪਰ ਉਨ੍ਹਾਂ ਨੇ ਜੋ ਰੂਹਾਨੀ ਰਿਸ਼ਤੇ ਇਸ ਮਤਲਬੀ ਜਿਹੀ ਦੁਨੀਆ ਵਿਚ ਬਣਾਏ ਤੇ ਬਾਖ਼ੂਬੀ ਨਿਭਾਏ ਵੀ ਉਹ ਕੋਈ ਵਿਰਲਾ ਹੀ ਕਰ ਸਕਦਾ ਹੈ। ਮੇਰਾ ਆਪਣਾ ਵਾਹ ਉਨ੍ਹਾਂ ਨਾਲ ਫ਼ਤਹਿਗੜ੍ਹ ਸਾਹਿਬ ਵਿਖੇ ਹੀ 1972 ਵਿਚ ਪਿਆ। ਮੈਂ ਅਤੇ ਮੇਰੇ ਪਤੀ ਉਨ੍ਹਾਂ ਦੀ ਸ਼ਖ਼ਸੀਅਤ ਤੋਂ ਬਹੁਤ ਪ੍ਰਭਾਵਿਤ ਹੋਏ ਤੇ ਸਾਡਾ ਇਹ ਰਿਸ਼ਤਾ ਪਰਿਵਾਰਕ ਰਿਸ਼ਤਿਆਂ ਵਿਚ ਰਚ ਮਿਚ ਗਿਆ। ਉਨ੍ਹਾਂ ਸਦਾ ਮੈਨੂੰ ਪਿਓ ਦਾ ਪਿਆਰ ਦਿੱਤਾ। ਸਾਡੇ ਬੱਚੇ ਵੀ ਉਨ੍ਹਾਂ ਦਾ ਤਹਿ ਦਿਲੋਂ ਅਦਬ ਕਰਦੇ ਰਹੇ। ਉਨ੍ਹਾਂ ਦੇ ਮੋਹ ਪਿਆਰ ਅੱਗੇ ਮੈਨੂੰ ਖ਼ੂਨ ਦੇ ਰਿਸ਼ਤੇ ਵੀ ਕਈ ਵਾਰ ਫਿੱਕੇ ਜਾਪਦੇ ਰਹੇ। ਉਨ੍ਹਾਂ ਦੀ ਸੁਪਤਨੀ ਬੀਬੀ ਚਰਨ ਕੌਰ ਵੀ ਇਨ੍ਹਾਂ ਰਿਸ਼ਤਿਆਂ ਨੂੰ ਦਿਲੋਂ ਨਿਭਾਉਂਦੇ ਰਹੇ। ਉਹ ਵੀ ਉਨ੍ਹਾਂ ਵਾਂਗ ਹੀ ਖੁੱਲ੍ਹ-

ਦਿਲੇ ਤੇ ਦਰਦਮੰਦਾਂ ਦੇ ਦਰਦੀ ਹਨ। ਬੀ ਜੀ ਵੀ ਉਹਨਾਂ ਦੇ ਤੁਰ ਜਾਣ ’ਤੇ ਵੀ ਉਨ੍ਹਾਂ ਤਮਾਮ ਰੂਹਾਨੀ ਰਿਸ਼ਤਿਆਂ ਦੀਆਂ ਤੰਦਾਂ ਨੂੰ ਰੂਹ ਨਾਲ ਲਪੇਟੀ ਬੈਠੇ ਹਨ ਜਿਹੜੀਆਂ ਪਤੰਗ ਸਾਹਿਬ ਨੇ ਤਾਉਮਰ ਲਪੇਟੀ ਰੱਖੀਆਂ। ਕਿਸੇ ਵੀ ਘਰੇਲੂ ਜਾਂ ਸਮਾਜਿਕ ਉਲਝਣ ਦੇ ਹੱਲ ਲਈ ਸਾਨੂੰ ਸਦਾ ਠੀਕ ਸੁਝਾਅ ਦੇਂਦੇ। ਕਈ ਵਾਰ ਵੱਡੀ ਤੋਂ ਵੱਡੀ ਔਕੜ ਸਮੇਂ ਵੀ ਕਹਿ ਦੇਂਦੇ ‘ਬਾਬਿਆਂ ਅੱਗੇ ਅਰਦਾਸ ਕਰੋ, ਵਾਹਿਗੁਰੂ ਭਲੀ ਕਰੇਗਾ’, ਮੈਂ ਧੀ ਵਾਲੇ ਮਾਣ ਨਾਲ ਰੰਜਿਸ਼ ਕਰਨੀ, ਕਹਿਣਾ ‘ਭਾਪਾ ਜੀ, ਤੁਸੀਂ ਤਾਂ ਹਰ ਗੱਲ ‘ਵਾਹਿਗੁਰੂ ਭਲੀ ਕਰੇਗਾ’ ਕਹਿ ਕੇ ਮੁਕਾ ਦੇਂਦੇ ਓਂ’। ਉਨ੍ਹਾਂ ਹੱਸ ਕੇ ਕਹਿਣਾ, “ਬੇਟਾ, ਸਭ ਕੁਛ ਇਸੇ ਵਿਚ ਹੈ।” ਤੇ ਮੈਂ ਆਪਣੀ ਜ਼ਿੰਦਗੀ ਦੀਆਂ ਬਹੁਤ ਸਾਰੀਆਂ ਔਕੜਾਂ ਭਾਪਾ ਜੀ ਦੀ ਰਾਹਨੁਮਾਈ ਨਾਲ ਹੀ ਹੱਲ ਕੀਤੀਆਂ। ਉਨ੍ਹਾਂ ਮੈਨੂੰ ਬਾਣੀ ਪੜ੍ਹਨ-ਸੁਣਨ, ਗੁਰੂ ਘਰ ਜਾਣ, ਗੁਰਧਾਮਾਂ ਦੀ ਯਾਤਰਾ ਦੀ ਚੇਟਕ ਵੀ ਲਾਈ। ਮੇਰੀਆਂ ਨਾਦਾਨ ਜਿਹੀਆਂ ਆਦਤਾਂ ਤੇ ਨਾਸਤਕ ਜਿਹੇ ਸੁਭਾਅ ਨੂੰ ਜਾਣਨ ਵਾਲੇ ਬਹੁਤ ਸਾਰੇ ਸੱਜਣ-ਮਿੱਤਰ ਸਖੀਆਂ-ਸਹੇਲੀਆਂ ਮੈਨੂੰ ਪੁੱਛਦੀਆਂ, ‘ਤੂੰ ਇਸ ਰਾਹ ਕਿਵੇਂ ਪਈ’ ਤਾਂ ਮੈਂ ਮਾਣ ਨਾਲ ਕਹਿੰਦੀ ਹਾਂ ਕਿ ਪਤੰਗ ਭਾਪਾ ਜੀ ਨੇ ਮੇਰਾ ਜੀਵਨ ਢੰਗ ਬਦਲਿਆ ਹੈ। ਉਹ ਮੇਰੀ ਨਾਦਾਨੀ ਹੱਸ ਕੇ ਖਿਮਾ ਵੀ ਕਰਦੇ ਰਹੇ।

ਉਹਨਾਂ ਨਾਲ ਜੁੜੀਆਂ ਆਪਣੀਆਂ ਯਾਦਾਂ ਤੋਂ ਕੁਛ ਹੋਰ ਵੀ ਬਹੁਤ ਜ਼ਰੂਰੀ ਗੱਲਾ ਚੇਤਿਆਂ ਵਿੱਚ ਅਟਕੀਆਂ ਹੋਈਆਂ ਨੇ। ਦੇਸ਼ ਦੀ ਵੰਡ ਤੋਂ ਪਹਿਲਾਂ ਪਤੰਗ ਸਾਹਿਬ ਰੱਜੇ-ਪੁੱਜੇ ਘਰ ਦੇ ਵੱਡੇ ਪੁੱਤਰ ਸਨ। 1947 ਵਿੱਚ ਉਹ ਘਰੋਂ ਬੇਘਰ ਹੋ ਪਾਕਿਸਤਾਨੋਂ ਏਧਰ ਆਏ। ਬਹੁਤ ਸੰਤੋਖ ਨਾਲ ਵਕਤ ਟਪਾਉਂਦੇ ਰਹੇ। ਆਪਣੇ ਪਰਿਵਾਰ ਤੋਂ ਇਲਾਵਾ ਛੋਟੇ ਭੈਣ-ਭਰਾਵਾਂ ਨੂੰ ਵੀ ਸਾਂਭਿਆ। ਅਕਾਲ ਪੁਰਖ ਨੇ ਕ੍ਰਿਪਾ ਕੀਤੀ, ਦਿਨ ਫਿਰੇ, ਗੁਰੂ ਘਰ ਕੀਰਤਨ ਕਰਨ ਦਾ ਮਾਣ ਮਿਲਿਆ। ਉਸ

ਤੋਂ ਪਿੱਛੋਂ ਪਤੰਗ ਸਾਹਿਬ ਨੇ ਪਿੱਛੇ ਪਰਤ ਨਾ ਵੇਖਿਆ। ਜੀਵਨ ਵਿਚ ਸਫ਼ਲਤਾਵਾਂ ਉਨ੍ਹਾਂ ਦੇ ਪੈਰ ਚੁੰਮਦੀਆਂ ਰਹੀਆਂ। ਉਨ੍ਹਾਂ ਆਪਣੇ ਤਿੰਨੇ ਪੁੱਤਰਾਂ ਨੂੰ ਰੱਬੀ ਬਾਣੀ ਦਾ ਕੀਰਤਨ ਵੀ ਸਿਖਾਇਆ ਤੇ ਸਕੂਲਾਂ, ਕਾਲਜਾਂ ਵਿੱਚ ਵਿੱਦਿਆ ਵੀ ਦਵਾਈ। ਉਨ੍ਹਾਂ ਦੇ ਪੁੱਤਰ ਉਨ੍ਹਾਂ ਨਾਲ ਸਵੇਰੇ-ਸ਼ਾਮ ਗੁਰੂ ਦੀ ਹਜ਼ੂਰੀ ਵਿੱਚ ਹਰਿਜਸ ਗਾਇਨ ਕਰਦੇ ਤੇ ਉਧਰ ਸਕੂਲਾਂ-ਕਾਲਜਾਂ ਦੀ ਪੜ੍ਹਾਈ ਵਿੱਚ ਹਰ ਜਮਾਤ ਵਿੱਚ ਪਹਿਲਾ ਸਥਾਨ ਪ੍ਰਾਪਤ ਕਰਦੇ। ਅੱਜ ਉਨ੍ਹਾਂ ਦੇ ਤਿੰਨੇ ਪੁੱਤਰ ਡਾ. ਜਾਗੀਰ ਸਿੰਘ, ਡਾ. ਬਚਿੱਤਰ ਸਿੰਘ, ਡਾ. ਗੁਰਨਾਮ ਸਿੰਘ ਕਿਸੇ ਪਹਿਚਾਣ ਦੇ ਮੁਹਤਾਜ ਨਹੀਂ ਹਨ। ਕੀਰਤਨ ਦੀ ਦਾਤ ਉਨ੍ਹਾਂ ਨੂੰ ਵਿਰਾਸਤ ਵਿੱਚ ਤਾਂ ਮਿਲੀ ਹੀ ਸੀ ਪਰ ਉਹਨਾਂ ਆਪਣੀ ਮਿਹਨਤ ਤੇ ਲਗਨ ਨਾਲ ਸਫਲਤਾ ਦੀਆਂ ਟੀਸੀਆਂ ਨੂੰ ਛੋਹਿਆ। ਮੈਨੂੰ ਇਹ ਕਹਿੰਦਿਆਂ ਕੋਈ ਝਿਜਕ ਨਹੀਂ ਕਿ ਪਤੰਗ ਸਾਹਿਬ ਦੇ ਵੱਡੇ ਪੁੱਤਰ ਡਾ. ਜਾਗੀਰ ਸਿੰਘ ਤਾਂ ਹਰਿ ਜਸ ਗਾਇਨ ਕਰਨ ਵਿੱਚ ਆਪਣਾ ਵਿਸ਼ੇਸ਼ ਮੁਕਾਮ ਰੱਖਦੇ ਹਨ। ਉਨ੍ਹਾਂ ਆਪਣੇ ਪੁੱਤਰਾਂ ਤੋਂ ਇਲਾਵਾ ਹੋਰ ਲੋੜਵੰਦਾਂ ਤੇ ਲਗਨ ਵਾਲਿਆਂ ਨੂੰ ਵੀ ਸੰਗੀਤ ਵਿਦਿਆ ਦਿੱਤੀ, ਕੀਰਤਨ ਸਿਖਾਇਆ। ਉਨ੍ਹਾਂ ਦੇ ਕਈ ਸ਼ਾਗਿਰਦ ਅੱਜ ਚੰਗੇ ਕੀਰਤਨੀਏ ਹਨ। ਉਹ ਆਪਣੇ ਸ਼ਾਗਿਰਦਾਂ ਨੂੰ ਆਪਣੇ ਬੱਚਿਆਂ ਵਾਂਗ ਪਿਆਰਦੇ ਤੇ ਦੁਲਾਰਦੇ ਸਨ। ਉਹ ਉਨ੍ਹਾਂ ਤੋਂ ਸੰਗੀਤ ਵਿਦਿਆ ਸਿਖਾਉਣ ਬਦਲੇ ਕੋਈ ਭੇਟਾ ਨਹੀਂ ਸਨ ਲੈਂਦੇ; ਸਗੋਂ ਵੇਲੇ-ਕੁਵੇਲੇ ਉਨ੍ਹਾਂ ਦੀ ਮਾਇਕ ਮਦਦ ਕਰਦੇ। ਇਹ ਗੁਣ ਉਨ੍ਹਾਂ ਦੇ ਪੁੱਤਰਾਂ ਵਿੱਚ ਵੀ ਹੈ। ਇਹ ਗੱਲਾਂ ਅੱਜ ਦੇ ਯੁੱਗ ਵਿੱਚ ਅਲੋਕਾਰ ਹੀ ਹਨ। ਪਤੰਗ ਸਾਹਿਬ ਤਾਂ ਕੋਈ ਸਤਜੁਗੀ ਪੁਰਸ਼ ਸਨ।

ਅਖ਼ੀਰ 'ਚ ਮੈਂ ਗੱਲ ਕਰਨੀ ਚਾਹਾਂਗੀ ਉਨ੍ਹਾਂ ਦੇ ਅੰਤਮ ਦਰਸ਼ਨਾਂ ਦੇ ਸੋਗਵਾਰ ਤੇ ਦਰਦ ਭਰੇ ਸਮੇਂ ਦੀ। ਜੋ ਇਕੱਠ ਉਸ ਸਮੇਂ ਹੋਇਆ ਉਹ ਪਤੰਗ ਸਾਹਿਬ

ਦੀਆਂ ਚੰਗਿਆਈਆਂ ਤੇ ਰੂਹਾਨੀ ਰਿਸ਼ਤਿਆਂ ਦੀ ਮੂੰਹ ਬੋਲਦੀ ਤਸਵੀਰ ਸੀ। ਉਨ੍ਹਾਂ ਦੇ ਰਿਸ਼ਤੇਦਾਰਾਂ ਦੀ ਤਾਂ ਮੈਨੂੰ ਜਾਣਕਾਰੀ ਹੈ ਪਰ ਜਿੰਨੇ ਸੱਜਣ ਉੱਥੇ ਆਏ ਇਉਂ ਜਾਪਦਾ ਸੀ ਉਹ ਉਨ੍ਹਾਂ ਦੇ ਬਹੁਤ ਹੀ ਨਜ਼ਦੀਕੀ ਤੇ ਪਿਆਰੇ ਰਿਸ਼ਤੇਦਾਰ ਹਨ। ਜਿੰਨੇ ਲੋਕੀਂ ਉਥੇ ਬੈਠੇ ਸਨ, ਬਹੁਤ ਹੀ ਦੁੱਖ ਤੇ ਸੋਗ ਵਿਚ ਡੁੱਬੇ ਹੋਏ ਸਨ। ਇਨ੍ਹਾਂ ਤਮਾਮ ਸੱਜਣਾਂ ਨਾਲ ਪਤੰਗ ਸਾਹਿਬ ਦਾ ਖ਼ੂਨ ਦਾ ਨਹੀਂ; ਬਲਕਿ ਰੂਹ ਦਾ ਰਿਸ਼ਤਾ ਸੀ। ਸਿੱਖੀ ਸਿਧਾਂਤਾਂ ਅਨੁਸਾਰ ਜੋ ਭਾਪਾ ਜੀ ਵੀ ਸਾਰੀ ਉਮਰ ਸਾਨੂੰ ਸਿਖਾਉਂਦੇ ਰਹੇ; ਰੋਣਾ ਵਿਰਲਾਪ ਕਰਨਾ ਮਨ੍ਹਾ ਸੀ ਪਰ ਲੋਕੀਂ ਇਕ ਦੂਜੇ ਤੋਂ ਛੁਪਾ-ਛੁਪਾ ਅੱਥਰੂ ਪੂੰਝਦੇ ਸਨ। ਪਤੰਗ ਸਾਹਿਬ ਦੀ ਸੁਪਤਨੀ ਐਡੇ ਸਦਮੇ ਨੂੰ ਸਬਰ ਨਾਲ ਜਰ ਕੇ ਸਾਨੂੰ ਸਾਰਿਆਂ ਨੂੰ ਭਾਣਾ ਮੰਨਣ ਲਈ ਕਹਿ ਰਹੇ ਸਨ। ਭਾਪਾ ਜੀ ਦੇ ਪਿਤਾ ਜੀ ਬਹੁਤ ਪਹਿਲਾਂ ਅਕਾਲ ਚਲਾਣਾ ਕਰ ਗਏ ਸਨ। ਉਨ੍ਹਾਂ ਆਪਣੇ ਭੈਣ-ਭਰਾਵਾਂ ਨੂੰ ਪਿਓ ਦੀ ਘਾਟ ਕਦੇ ਮਹਿਸੂਸ ਨਹੀਂ ਸੀ ਹੋਣ ਦਿੱਤੀ। ਭਰਾ ਦਾ ਅਚਾਨਕ ਤੁਰ ਜਾਣਾ ਸੁਣ ਕੇ ਉਨ੍ਹਾਂ ਦੀ ਭੈਣ ਦੁਹਾਈਆਂ ਦੇਂਦੀ ਆ ਰਹੀ ਸੀ, ਫੜਦਿਆਂ-ਫੜਦਿਆਂ ਵੀ ਉਹ ਪਤੰਗ ਸਾਹਿਬ ਦੀ ਛਾਤੀ 'ਤੇ ਜਾ ਡਿੱਗੀ। "ਅੱਜ ਮੇਰਾ ਭਰਾ ਹੀ ਨਹੀਂ, ਪਿਓ ਵੀ ਮੋਇਆ ਹੈ। ਉਠ ਵੇ ਮੇਰਿਆ ਰਾਜਿਆ ਬਾਬਲਾ! ਧੀ ਨੂੰ ਗਲ ਨਾਲ ਲਾ। ਤੇਰੀ ਭੈਣ ਤੇਰਾ ਪਿਆਰ ਕਿਥੋਂ ਲਵੇਗੀ ਵੇ ਮੇਰਿਆ ਸਾਧੂ ਸੰਤਾ ਵੀਰਾ!" ਤਾਂ ਪੱਥਰ ਦ ਜਿਗਰ ਵੀ ਪਿਘਲ ਗਏ, ਪਾਠ ਕਰਦਿਆਂ ਨੂੰ ਪਾਠ ਭੁੱਲ ਗਿਆ। ਜਬਰੀ ਰੋ ਕੇ ਅੱਥਰੂ ਛਮ-ਛਮ ਵਹਿ ਪਏ, ਗਲੀਆਂ ਦੇ ਕੱਖ ਵੀ ਮਾਨੋ ਰੋ ਰਹੇ ਸਨ। ਕਹਿਣ ਤਾਂ ਮੈਂ ਲੱਗੀ ਸਾਂ ਕਿ ਉਹ ਤਾਂ ਖ਼ੂਨ ਦਾ ਭੈਣ-ਭਰਾ ਦਾ ਡੂੰਘਾ ਰਿਸ਼ਤਾ ਸੀ ਪਰ ਭਾਪਾ ਜੀ ਨੂੰ ਤਾਂ ਸਭ ਹੀ ਆਪਣਾ ਸਮਝਦੇ ਸਨ।

ਪਤੰਗ ਸਾਹਿਬ ਨੂੰ ਰੱਬੋਂ ਪੁੱਤਰੀ ਦੀ ਦਾਤ ਨਹੀਂ ਸੀ ਮਿਲੀ ਪਰ ਤਿੰਨ ਨੂੰਹਾਂ-ਧੀਆਂ ਵਰਗੀਆਂ ਪਰਮਾਤਮਾ ਨੇ ਉਨ੍ਹਾਂ ਨੂੰ ਦਿੱਤੀਆਂ ਜੋ ਆਪਣੇ ਜਨਮ ਦਾਤਾ ਪਿਤਾ ਨਾਲੋਂ ਵੱਧ ਉਨ੍ਹਾਂ ਦਾ ਆਦਰ ਕਰਦੀਆਂ ਸਨ ਤੇ ਅੱਜ ਵੀ ਭਾਪਾ ਜੀ ਦੀ ਗੱਲ ਕਰਦਿਆਂ ਉਨ੍ਹਾਂ ਦੀਆਂ ਅੱਖਾਂ ਭਰ ਭਰ ਆਉਂਦੀਆਂ ਨੇ। ਭਾਪਾ ਜੀ ਵੀ ਉਨ੍ਹਾਂ ਨੂੰ ਧੀਆਂ ਵਾਂਗ ਪਿਆਰਦੇ ਸਨ। ਇਹ ਵੱਖਰੀ ਗੱਲ ਹੈ ਰੱਬੋਂ ਉਨ੍ਹਾਂ ਨੂੰ ਧੀ ਨਹੀਂ ਮਿਲੀ ਸੀ ਪਰ ਅਜੇਹੀਆਂ ਰੂਹਾਂ ਨੂੰ ਘਾਟਾ ਕਾਹਦਾ! ਉਹਨਾਂ ਦੀਆਂ ਤਾਂ ਸੈਂਕੜੇ ਧੀਆਂ ਸਨ ਜਿਨ੍ਹਾਂ ਨੂੰ ਉਹ ਲੋਹੜੀਆਂ ਵੰਡ ਆਉਂਦੇ ਸਨ, ਦੀਵਾਲੀਆਂ ਦੇ ਛੱਡਦੇ ਸਨ। ਉਹ ਧੀਆਂ ਉਸ ਦਿਨ ਮੈਂ ਆਪਸ ਵਿੱਚ ਵੀ ਤੇ ਰੁੱਖਾਂ ਦੇ ਗਲ ਲੱਗ ਲੱਗ ਰੋਂਦੀਆਂ ਵੀ ਮੈਂ ਦੇਖੀਆਂ ਜੋ ਕਹਿ ਰਹੀਆਂ ਸਨ, "ਭਾਪਾ ਜੀ, ਸਾਡੇ ਦੁਖੜੇ ਕੌਣ ਸੁਣੇਗਾ, ਧੀਆਂ ਕਿਉਂ ਵਿਸਰੀਆਂ।" ਉਹਨਾਂ ਤੋਂ ਇਲਾਵਾ ਪਤੰਗ ਸਾਹਿਬ ਦੀਆਂ ਸੈਂਕੜੇ ਨੂੰਹਾਂ ਸਨ ਜੋ ਮੈਂ ਰੋਂਦੀਆਂ ਦੇਖੀਆਂ ਕਹਿੰਦੀਆਂ ਸੁਣੀਆਂ, "ਭਾਪਾ ਜੀ, ਪੋਤਰੇ-ਪੋਤਰੀਆਂ ਰੋਂਦੇ ਨਾ ਛੱਡ ਜਾਇਓ, ਉਨ੍ਹਾਂ ਦੇ ਵਿਆਹ ਵੇਖ ਕੇ ਕਰਕੇ ਜਾਇਓ ਜੇ", ਕਿੰਨੀਆਂ ਹੀ ਬੀਬੀਆਂ ਦੇ "ਪਤੰਗ ਭਰਾ ਜੀ ਖੌਰੇ ਕਿਹੜੀ ਗੱਲੋਂ ਰੁੱਸ ਕੇ ਤੁਰ ਚੱਲੇ ਸਨ।" ਉਨ੍ਹਾਂ ਦੀਆਂ ਭਰ ਭਰ ਡੁੱਲ੍ਹਦੀਆਂ ਅੱਖਾਂ ਉਸ ਰੂਹਾਨੀ ਰਿਸ਼ਤਿਆਂ ਦੇ ਰਚੇਤੇ ਦੀ ਮਹਾਨਤਾ ਦੀ ਕਹਾਣੀ ਹੀ ਤਾਂ ਕਹਿ ਕਹਿ ਆਪਣਾ ਆਪ ਕੋਹ ਰਹੀਆਂ ਸਨ। ਬਹੁਤ ਬੀਬੇ ਬੰਦਿਆਂ ਰੱਬ ਦੀ ਰਜ਼ਾ ਵਿੱਚ ਰਾਜ਼ੀ ਰਹਿਣ ਵਾਲੀਆਂ ਰੂਹਾਂ ਨੂੰ ਮੈਂ ਪਤੰਗ ਸਾਹਿਬ ਦੀ ਵਿਦਾਇਗੀ ਸਮੇਂ ਰੋਂਦਿਆਂ ਵੇਖਿਆ। ਅਜੇਹੇ ਰੂਹਾਨੀ ਰਿਸ਼ਤੇ ਬਣਾਉਣੇ ਤੇ ਅੰਤ ਤੱਕ ਨਿਭਾ ਵੀ ਜਾਣੇ ਕੋਈ ਛੋਟੀ-ਮੋਟੀ ਗੱਲ ਨਹੀਂ।

ਉਹ ਆਪ ਮਮਤਾ ਦਾ ਭਰਿਆ ਪਰਾ ਸਾਗਰ ਸਨ। ਮੈਨੂੰ ਖ਼ੁਸ਼ੀ ਹੈ ਉਹ ਆਪਣੇ ਗੁਣਾਂ ਦੀ ਮਹਿਕ ਆਪਣੇ ਪਰਿਵਾਰ ਵਿੱਚ ਵੀ ਖਿਲਾਰ ਗਏ ਹਨ। ਉਹਨਾਂ ਦੇ ਨੂੰਹਾਂ-ਪੁੱਤਰ ਵੀ ਮੋਹ ਭਰੇ ਨਦੀਆਂ-ਨਾਲੇ ਹਨ। ਉਹਨਾਂ ਦੀ ਸੁਪਤਨੀ ਤਾਂ ਉਨ੍ਹਾਂ ਦਾ ਹੀ ਸਰੂਪ ਹੈ। ਦੁਆ ਕਰਦੀ ਹਾਂ ਉਨ੍ਹਾਂ ਨਦੀਆਂ-ਨਾਲਿਆਂ ਵੱਲੋਂ ਸਾਨੂੰ ਸਦਾ ਚੰਗੀ ਸਨੇਹ ਭਰੀ ਮਹਿਕ ਆਵੇ ਤੇ ਪਤੰਗ ਸਾਹਿਬ ਦਾ ਮਾਣ ਅਦਬ ਸਦਾ ਇਉਂ ਹੀ ਮਨਾਂ ਵਿਚ ਬਣਿਆ ਰਹੇ ਜਿਵੇਂ ਉਹ ਕਿਤੇ ਗਏ ਹੀ ਨਹੀਂ ਹਨ। ਉਸ ਰੂਹਾਨੀ ਰਿਸ਼ਤਿਆਂ ਦੇ ਰਚੇਤੇ ਦੀ ਯਾਦ ਵਿੱਚ ਸਿਰ ਅਦਬ ਨਾਲ ਝੁਕਦਾ ਹੈ।



## ਜੀਵਨ ਦਰਪਣ

## ਭਾਈ ਉੱਤਮ ਸਿੰਘ 'ਪਤੰਗ'

| | | |
|---|---|---|
| ਜਨਮ ਮਿਤੀ | : | 10 ਜੁਲਾਈ, 1928 ਜਨਮ ਸਥਾਨ : ਪਿੰਡ ਗੋਬਿੰਦਪੁਰਾ, ਜ਼ਿਲਾ ਗੁਜਰਾਤ (ਪਾਕਿਸਤਾਨ) |
| ਪਿਤਾ | : | ਸ੍ਰ. ਗੁਰਮੁਖ ਸਿੰਘ ਮਾਤਾ : ਸ੍ਰੀਮਤੀ ਠਾਕਰ ਕੌਰ |
| ਪ੍ਰਸ਼ੰਸਾ | : | ਤਖਤ ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਅਨੰਦਪੁਰ ਸਾਹਿਬ, ਗੁਰਦੁਆਰਾ ਮੰਜੀ ਸਾਹਿਬ, ਵਿਸ਼ਾਖਾਪਟਨਮ, ਗੁਰਦੁਆਰਾ ਸ੍ਰੀ ਦੂਖ ਨਿਵਾਰਨ ਪਟਿਆਲਾ, ਗੁਰਦੁਆਰਾ ਸ੍ਰੀ ਫਤਿਹਗੜ੍ਹ ਸਾਹਿਬ ਸਰਹੰਦ, ਲਾਹੌਰ, ਗੰਗਾ ਨਗਰ, ਸ੍ਰੀ ਨਗਰ, ਰਾਮਪੁਰ, ਬਰੇਲੀ, ਆਦਿ ਵਿਖੇ ਸੰਗਤਾਂ ਨੂੰ ਕੀਰਤਨ ਸੁਣਾਕੇ ਮਾਣ ਪ੍ਰਾਪਤ ਕੀਤਾ । |
| ਸਨਮਾਨ | : | ਭਾਸ਼ਾ ਵਿਭਾਗ ਪੰਜਾਬ ਵਲੋਂ ਸ਼੍ਰੋਮਣੀ ਰਾਗੀ ਐਵਾਰਡ, ਗੁਰਮਤਿ ਸੰਗੀਤ ਸੁਸਾਇਟੀ, ਚੰਡੀਗੜ੍ਹ, ਧਰਮ ਪ੍ਰਚਾਰ ਕਮੇਟੀ ਚੀਫ ਕਾਲਸਾ ਦੀਵਾਨ ਅਤੇ ਗੁਰਮਤ ਸੰਗੀਤ ਸੰਮੇਲਨ 1992 ਜਵੱਦੀ ਕਲਾਂ ਵਲੋਂ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ । |
| ਦੇਹਾਂਤ | : | 21 ਸਤੰਬਰ, 1995. |

# ਪੰਜਾਬ ਦੇ ਸੰਗੀਤਕ ਸਾਜ਼: ਦਸ਼ਾ ਅਤੇ ਦਿਸ਼ਾ

ਜਸਵੀਰ ਸਿੰਘ

ਵੀਹਵੀਂ ਸਦੀ ਦੇ ਅੰਤਲੇ ਵਰ੍ਹਿਆਂ ਵਿਚ ਵਿਸ਼ਵੀਕਰਨ ਦੇ ਪ੍ਰਭਾਵ ਸਦਕਾ ਪੰਜਾਬੀਆਂ ਦੀ ਜੀਵਨ-ਸ਼ੈਲੀ ਵਿਚ ਬਹੁਤ ਬਦਲਾਵ ਆਇਆ ਹੈ। ਜੀਵਨ ਜਿਉਂਣ ਦੇ ਢੰਗ ਵਿਚ ਆ ਰਹੇ ਪਰਿਵਰਤਨਾਂ ਦੇ ਫਲਸਰੂਪ ਪੰਜਾਬੀ ਸੱਭਿਅਚਾਰ ਜਿਸ ਗਤੀ ਨਾਲ ਤਬਦੀਲ ਹੋ ਰਿਹਾ ਹੈ, ਉਸ ਗਤੀ ਦੇ ਨਾਲ-ਨਾਲ ਸਮਾਜਿਕ ਕਦਰਾਂ-ਕੀਮਤਾਂ ਵੀ ਪਿਛਲੇ ਕਾਫ਼ੀ ਸਮੇਂ ਤੋਂ ਬਹੁਤ ਬਦਲ ਗਈਆਂ ਹਨ। ਵਰਤਮਾਨ ਸਮੇਂ ਵਿਚ ਪੰਜਾਬੀ ਸੱਭਿਆਚਾਰ ਉਤੇ ਪੱਛਮੀ ਸੱਭਿਆਚਾਰ ਦਾ ਪ੍ਰਭਾਵ ਵੱਡੇ ਪੱਧਰ 'ਤੇ ਵੇਖਿਆ ਜਾ ਸਕਦਾ ਹੈ ਭਾਵੇਂ ਉਹ ਪਹਿਰਾਵਾ, ਰਹਿਣੀ-ਬਹਿਣੀ, ਭਾਸ਼ਾ ਜਾਂ ਕਲਾ ਹੋਵੇ। ਸਾਡੀ ਜ਼ਿੰਦਗੀ ਨਾਲ ਜੁੜੀ ਹਰ ਵਸਤੂ ਉਤੇ ਵਿਸ਼ਵੀਕਰਨ ਦਾ ਪ੍ਰਭਾਵ ਪਿਆ ਹੈ। ਬਾਕੀ ਵਰਤਾਰਿਆਂ ਦੇ ਨਾਲ-ਨਾਲ ਪੰਜਾਬੀ ਵਿਰਾਸਤੀ ਸੰਗੀਤ ਨੇ ਵੀ ਵਿਸ਼ਵੀਕਰਨ ਦੇ ਪ੍ਰਭਾਵ ਨੂੰ ਕਈ ਰੂਪਾਂ ਵਿਚ ਕਬੂਲਿਆ ਹੈ।

## ਵਿਰਾਸਤੀ ਸੰਗੀਤ ਉੱਤੇ ਪੱਛਮੀ ਸੱਭਿਅਤਾ ਦਾ ਪ੍ਰਭਾਵ

20ਵੀਂ ਸਦੀ ਤਕ ਪੰਜਾਬੀ ਸੰਗੀਤ ਦੇ ਸਾਜ਼ ਜਗਤ ਵਿਚ ਪਰੰਪਰਾਗਤ ਸਾਜ਼ਾਂ ਦਾ ਖ਼ੂਬ ਬੋਲਬਾਲਾ ਰਿਹਾ। ਇਹਨਾਂ ਵਿਰਾਸਤੀ ਸਾਜ਼ਾਂ ਨੂੰ ਵਾਦਕ ਅਤੇ ਕਲਾਕਾਰ ਹੀ ਨਹੀਂ ਬਲਕਿ ਸ਼ਰੋਤੇ ਵੀ ਆਪਣੇ ਬਜ਼ੁਰਗਾਂ ਦੀ ਵਿਰਾਸਤੀ ਮਲਕੀਅਤ ਸਮਝਦੇ ਸਨ। ਮਾਨਵੀ ਜੀਵਨ ਨਾਲ ਸੰਬੰਧਿਤ ਹਰ ਰਸਮ ਵਿਚ ਸ਼ਗਨ ਵਜੋਂ ਇਹਨਾਂ ਪਰੰਪਰਾਗਤ ਸਾਜ਼ਾਂ ਨੂੰ ਵਜਾਇਆ ਜਾਂਦਾ ਸੀ ਪਰੰਤੂ ਵਰਤਮਾਨ ਸਮੇਂ ਪੱਛਮੀ ਸੰਗੀਤ ਦੇ ਪ੍ਰਭਾਵ ਦੇ ਕਾਰਨ ਇਹਨਾਂ ਪਰੰਪਰਾਗਤ ਸਾਜ਼ਾਂ ਦੀ ਵਰਤੋਂ ਅਤੇ ਕਦਰ ਦਿਨ ਪ੍ਰਤੀ ਦਿਨ ਘੱਟਦੀ ਜਾ ਰਹੀ ਹੈ। ਅੱਜ ਦੇ ਸਮੇਂ ਵਾਦਕ, ਗਾਇਕ, ਸੰਗੀਤਕਾਰ ਅਤੇ ਇੱਥੋਂ ਤਕ ਕਿ ਸ਼ਰੋਤੇ ਵੀ ਸੰਗੀਤ

ਵਿਚ ਫਿਊਜ਼ਨ ਨੂੰ ਉਤਸਾਹ ਦੇ ਰਹੇ ਹਨ। ਅੱਜ ਕੱਲ ਜੇਕਰ ਪੱਛਮੀ ਸਾਜ਼ਾਂ ਨੂੰ ਨਾ ਅਪਣਾ ਕੇ ਸਿਰਫ਼ ਪਰੰਪਰਗਤ ਸਾਜ਼ਾਂ ਨੂੰ ਹੀ ਸੁਤੰਤਰ ਵਾਦਨ ਅਤੇ ਸੰਗਤ ਵਜੋਂ ਵਰਤਿਆ ਜਾਵੇ ਤਾਂ ਸ਼ਰੋਤੇ, ਗਾਇਕ ਅਤੇ ਸੰਗੀਤਕਾਰ, ਗਾਇਨ ਸੰਗੀਤ ਅਤੇ ਵਾਦਨ ਸੰਗੀਤ ਨੂੰ ਅਧੂਰਾ ਸਮਝਦੇ ਹਨ। ਅੱਜ ਦੇ ਸਮੇਂ ਹਰ ਕੋਈ ਸੰਗੀਤ ਦੇ ਵਾਦਨ ਅਤੇ ਗਾਇਨ ਖੇਤਰ ਵਿਚ ਨਵੀਨਤਾ ਦੀ ਮੰਗ ਕਰਦਾ ਹੈ, ਇਹ ਕੁਝ ਹੱਦ ਤਕ ਸਹੀ ਹੈ ਪਰੰਤੂ ਆਪਣੇ ਵਿਰਾਸਤੀ ਸਾਜ਼ਾਂ ਦੀ ਬਜਾਏ ਪੱਛਮੀ ਸੰਗੀਤ ਅਤੇ ਸਾਜ਼ਾਂ ਨੂੰ ਹੀ ਤਰਜੀਹ ਦੇਣਾ ਠੀਕ ਨਹੀਂ। ਇਸ ਵਰਤਾਰੇ ਦੇ ਦੂਰਗਾਮੀ ਨਤੀਜਿਆਂ ਨੂੰ ਸੋਚੇ ਬਿਨਾਂ ਹੀ ਪੱਛਮੀ ਸਾਜ਼ਾਂ ਨੂੰ ਆਪਣਾਇਆ ਜਾ ਰਿਹਾ ਹੈ।

ਸਾਡੇ ਵਿਰਾਸਤੀ ਸੰਗੀਤ ਵਿਚ ਪੱਛਮੀ ਸਾਜ਼ਾਂ ਨੂੰ ਤਰਜੀਹ ਦੇਣ ਦਾ ਸਿਲਸਿਲਾ ਕਾਫ਼ੀ ਲੰਮੇਂ ਸਮੇਂ ਤੋਂ ਚੱਲਦਾ ਆ ਰਿਹਾ ਹੈ। ਪਹਿਲਾਂ-ਪਹਿਲ ਪੰਜਾਬੀ ਗਾਇਕੀ ‘ਤੇ ਪੱਛਮੀ ਸੱਭਿਆਚਾਰ ਨੇ ਆਪਣਾ ਪ੍ਰਭਾਵ ਛੱਡਿਆ ਅਤੇ ਪੰਜਾਬੀ ਸੰਗੀਤ ਵਿਚ ਪਾਪੂਲਰ ਗਾਇਕੀ, ਪੌਪ ਸੰਗੀਤ ਅਤੇ ਹਿੱਪ-ਹੌਪ ਆਦਿ ਨਾਵਾਂ ਨਾਲ ਨਵੀਂ ਸੰਗੀਤਕ ਧਾਰਾ ਦਾ ਰਲੇਵਾਂ ਹੋਇਆ। ਪੱਛਮੀ ਸੰਗੀਤ ਦੇ ਆਗਮਨ ਨਾਲ ਪੰਜਾਬੀ ਕਲਾਕਾਰਾਂ ਦਾ ਪਹਿਰਾਵਾ, ਅੰਦਾਜ਼, ਸਾਜ਼-ਸੰਗਤ ਅਤੇ ਗੀਤਾਂ ਦਾ ਵਿਸ਼ਾ ਵਸਤੂ ਆਦਿ ਸਭ ਕੁਝ ਹੀ ਤਬਦੀਲ ਹੋ ਗਿਆ। ਪੰਜਾਬੀ ਗੀਤਾਂ ਵਿਚ ਅੰਗਰੇਜ਼ੀ ਗੀਤਾਂ (ਪੱਛਮੀ ਸੰਗੀਤ) ਦਾ ਮਿਸ਼ਰਣ ਕਰਕੇ ‘ਰੈਪ ਗੀਤ’ ਤਿਆਰ ਕੀਤੇ ਗਏ ਅਤੇ ਵਾਦਨ ਦੇ ਖੇਤਰ ਵਿਚ ਕੀ-ਬੋਰਡ, ਗਿਟਾਰ, ਡਰੱਮ, ਕਾਂਗੋ, ਐਕੋਰਡੀਅਨ, ਔਕਟੋਪੈਡ ਆਦਿ ਸਾਜ਼ਾਂ ਦੀ ਵਰਤੋਂ ਹੋਣ ਲੱਗੀ। ਇਸ ਤਰ੍ਹਾਂ ਲੋਕ, ਰਵਾਇਤੀ ਸੰਗੀਤ ਅਤੇ ਸਾਜ਼ਾਂ ਦੀ ਬਜਾਏ ਤੜਕ-ਭੜਕ ਵਾਲੇ ਪੌਪ ਅਤੇ ਹਿੱਪ-ਹੌਪ ਸੰਗੀਤ ਪ੍ਰਤੀ ਜ਼ਿਆਦਾ ਆਕਰਸ਼ਿਤ ਹੋਣ ਲੱਗੇ ਅਤੇ ਇਹੀ ਸੰਗੀਤ ਸਮਾਜ ਦੇ ਹਰ ਵਰਗ ਲਈ ਮਨੋਰੰਜਨ ਦਾ ਤਰਜੀਹੀ ਸਾਧਨ ਬਣ ਗਿਆ। ਇਸ ਤਰ੍ਹਾਂ ਪੱਛਮੀ ਸੰਗੀਤ ਪੰਜਾਬੀ ਸੰਗੀਤ ਜਗਤ ਤੇ ਪੂਰੀ ਤਰ੍ਹਾਂ ਕਾਬਜ਼ ਹੋ ਗਿਆ ਜਾਪਦਾ ਹੈ।

ਵਰਤਮਾਨ ਸਮੇਂ ਵਿਚ ਤੂੰਬੇ, ਤੂੰਬੀ, ਅਲਗੋਜ਼ੇ, ਬੁਗਚੂ, ਘੜ੍ਹਾ, ਚਿਮਟਾ, ਕਾਟੋ, ਸੱਪ ਆਦਿ ਸਾਜ਼ਾਂ ਦਾ ਵਾਦਨ ਜਨਤਾ ਦੇ ਪਿੜ ਵਿੱਚੋਂ ਲਗਭਗ ਅਲੋਪ ਹੋ ਚੁੱਕਿਆ ਹੈ, ਕੋਈ ਟਾਂਵਾਂ ਹੀ ਹੈ ਜਿਹੜਾ ਇਹਨਾਂ ਸਾਜ਼ਾਂ ਦਾ ਵਾਦਨ ਕਰਦਾ ਹੈ। ਇਹ ਸਾਜ਼ ਸਿਰਫ਼ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਦੇ ਸੱਭਿਆਚਾਰਕ ਵਿਭਾਗਾਂ ਦੁਆਰਾ ਕਰਵਾਏ ਜਾਂਦੇ ਯੁਵਕ ਮੇਲਿਆਂ ਵਿਚ ਹੀ ਦੇਖਣ ਨੂੰ ਮਿਲਦੇ ਹਨ। ਹਰ ਗਾਇਕ, ਵਾਦਕ ਅਤੇ ਸੰਗੀਤਕਾਰ ਪਰੰਪਰਾਗਤ ਸਾਜ਼ਾਂ ਦਾ ਪ੍ਰਯੋਗ ਨਾ ਮਾਤਰ ਕਰਕੇ ਇਹਨਾਂ ਦੀ ਜਗ੍ਹਾ ਪੱਛਮੀ ਸਾਜ਼ਾਂ ਨੂੰ ਹੀ ਤਰਜੀਹ ਦਿੰਦੇ ਹੋਏ ਦ੍ਰਿਸ਼ਟੀਗੋਚਰ ਹੁੰਦੇ ਹਨ। ਆਧੁਨਿਕਤਾ ਅਤੇ ਵਪਾਰੀਕਰਨ ਦੀ ਪ੍ਰਧਾਨਤਾ ਕਾਰਨ ਵਰਤਮਾਨ ਸਮੇਂ ਹਰ ਕਿਸੇ ਦਾ ਮਨੋਰਥ ਸਿਰਫ਼ ਪੈਸਾ ਬਟੋਰਨਾ ਹੈ। ਜਿਨਾਂ ਰਵਾਇਤੀ ਸਾਜ਼ਾਂ ਵਿਚ ਸਾਡੀ ਸੰਸਕ੍ਰਿਤੀ, ਸੱਭਿਅਤਾ, ਵਡੇਰਿਆਂ ਦੀ ਸਾਧਨਾ ਅਤੇ ਆਸ਼ਿਰਵਾਦ ਹੈ, ਉਹਨਾਂ ਸਾਜ਼ਾਂ ਨੂੰ ਭੁੱਲ ਕੇ ਅਸੀਂ ਪੱਛਮੀ ਸਾਜ਼ਾਂ ਨੂੰ ਅਪਣਾ ਲਿਆ ਹੈ। ਜਿਹੜੇ ਪਰੰਪਰਾਗਤ ਰਵਾਇਤੀ ਸਾਜ਼ ਸਾਡੇ ਪੂਰਵਜ਼ਾਂ ਨੇ ਸਾਡੀ ਸਭਿਅਤਾ ਅਤੇ ਸੰਸਕਿਤੀ ਨੂੰ ਵੱਖਰੀ ਪਛਾਣ ਦੇਣ ਹਿੱਤ ਸਾਂਭ ਕੇ ਰੱਖੇ ਸਨ, ਅੱਜ ਉਹ ਸਾਜ਼ ਹੌਲੀ-ਹੌਲੀ ਲੁਪਤ ਹੋ ਰਹੇ ਹਨ। ਪਰੰਪਰਾਗਤਭਾਰਤੀ ਸਾਜ਼ਾਂ ਦੀ ਜਗ੍ਹਾ 'ਤੇ ਪੱਛਮੀ ਸਾਜ਼ਾਂ ਦੀ ਵਰਤੋਂ ਦਾ ਬੋਲਬਾਲਾ ਹੀ ਇਸ ਦਾ ਸਭ ਤੋਂ ਵੱਡਾ ਕਾਰਨ ਹੈ। ਅਸੀਂ ਮਨੋਰੰਜਨ ਲਈ ਆਪਣੇ ਪਰੰਪਰਾਗਤ ਸਾਜ਼ਾਂ ਦੇ ਨਾਲ ਹੀ ਪੱਛਮੀ ਸਾਜ਼ਾਂ ਦਾ ਵਾਦਨ ਕਰਕੇ ਫਿਊਜ਼ਨ ਸੰਗੀਤ ਤਿਆਰ ਕਰਦੇ ਹਾਂ, ਇਹ ਮਨੋਰੰਜਨ ਅਤੇ ਨਵੇਂ ਸਾਜ਼ ਮਿਸ਼ਰਣ ਨੇ ਹੀ ਹੌਲੀ-ਹੌਲੀ ਪੱਛਮੀ ਸਾਜ਼ਾਂ ਨੂੰ ਸਾਡੇ ਪਰੰਪਰਾਗਤ ਸਾਜ਼ਾਂ ਤੇ ਭਾਰੂ ਹੋਣ ਦਾ ਮੌਕਾ ਦਿੱਤਾ ਹੈ। ਪੰਜਾਬੀ ਸੰਗੀਤ ਦੇ ਗਾਇਨ ਅਤੇ ਵਾਦਨ 'ਤੇ ਪੱਛਮੀ ਸੰਗੀਤ ਪੂਰੀ ਤਰ੍ਹਾਂ ਕਾਬਜ਼ ਹੋ ਜਾਣ ਕਾਰਨ ਹੀ ਅੱਜ ਸਾਨੂੰ ਪੰਜਾਬੀ ਸੰਗੀਤ, ਪੱਛਮੀ ਸੰਗੀਤ ਅਤੇ ਸਾਜ਼ਾਂ ਤੋਂ ਬਿਨਾਂ ਅਧੂਰਾ ਜਾਪਦਾ ਹੈ।

## ਪਰੰਪਰਾਗਤ ਸਾਜ਼ਾਂ ਉੱਤੇ ਆਧੁਨਿਕ ਸਾਜ਼ਾਂ ਦਾ ਪ੍ਰਭਾਵ

ਵਿਸ਼ਵੀਕਰਨ ਕਾਰਨ ਪੰਜਾਬ ਵਿਚ ਪ੍ਰਚੱਲਿਤ ਲੋਕ ਸੰਗੀਤ, ਸ਼ਾਸਤਰੀ ਸੰਗੀਤ, ਗੁਰਮਤਿ ਸੰਗੀਤ ਅਤੇ ਸੂਫ਼ੀ ਸੰਗੀਤ ਆਦਿ ਸੰਗੀਤ ਵਿਧਾਵਾਂ ਨਾਲ ਸੰਗਤ ਵਜੋਂ ਵਰਤੇ ਜਾਂਦੇ ਸਾਜ਼ਾਂ ਵਿਚ ਵੀ ਬਹੁਤ ਬਦਲਾਅ ਆਇਆ ਹੈ।ਪਹਿਲਾਂ-ਪਹਿਲ ਸੰਗੀਤਕ ਸ਼ੈਲੀਆਂ ਨਾਲ ਸੰਗਤ ਵਜੋਂ ਤੂੰਬਾ, ਤੂੰਬੀ, ਦੋ ਤਾਰਾ, ਚਿਮਟਾ, ਘੁੰਗਰੂ, ਘੜਿਆਲ, ਗਾਗਰ, ਖੜਤਾਲ, ਘੜਾ, ਗੜਵੀ-ਕੌਲੀ, ਸੱਪ (ਗਿੜਦਾ), ਸਾਰੰਗੀ, ਸਾਰੰਦਾ, ਰਬਾਬ, ਡੱਫ਼, ਡੌਰੂ, ਡਮਰੂ, ਢੱਡ, ਢੋਲਕ, ਢੋਲ, ਵੰਝਲੀ, ਬਾਂਸੁਰੀ, ਅਲਗੋਜ਼ੇ, ਸ਼ੰਖ ਆਦਿ ਸਾਜ਼ ਵਰਤੇ ਜਾਂਦੇ ਸਨ ਪਰੰਤੂ ਪੱਛਮੀ ਸੱਭਿਅਤਾ ਦੇ ਪ੍ਰਭਾਵ ਕਾਰਨ ਲੋਕ ਸੰਗੀਤਕ ਸ਼ੈਲੀ ਦੀ ਗਾਇਨ ਪਰੰਪਰਾ ਅਤੇ ਸਾਜ਼ ਪਰੰਪਰਾ ਵਿਚ ਬਦਲਾਵ ਆਇਆ ਅਤੇ ਹਾਰਮੋਨੀਅਮ, ਕੀ-ਬੋਰਡ, ਇਲੈਕਟ੍ਰੌਨਿਕ ਬਾਂਸੁਰੀ, ਗਿਟਾਰ, ਕਿੰਗ (ਸੁਰਾਂਵਾਲੀ ਤੂੰਬੀ), ਔਕਟੋਪੈਡ, ਡਰਮ ਸੈੱਟ, ਕਾਂਗੋ, ਬੈਂਜੋ, ਵਾਇਲਨ, ਅਕੌਡੀਅਨ, ਮੈਲੋਡੀਕਾ, ਮਾਊਥ ਆਰਗਨ, ਤਰਮਪਿਟ ਆਦਿ ਸਾਜ਼ਾਂ ਦਾ ਬੋਲ-ਬਾਲਾ ਪਰੰਪਰਾਗਤ ਸਾਜ਼ਾਂ ਤੋਂ ਜ਼ਿਆਦਾ ਹੋਣ ਲੱਗਾ।

ਇਸੇ ਪ੍ਰਕਾਰ ਜੇਕਰ ਸ਼ਾਸਤਰੀ ਸੰਗੀਤ ਦੀ ਗੱਲ ਕਰੀਏ ਤਾਂ ਪਹਿਲਾਂ ਵੀਣਾ, ਕਾਨੂੰਨ-ਵਾਦਯ, ਸਵਰ-ਮੰਡਲ, ਤਾਨਪੁਰਾ, ਤਬਲਾ, ਪਖਾਵਜ, ਸਿਤਾਰ, ਸਰੋਦ, ਸਾਰੰਗੀ, ਬਾਂਸੁਰੀ ਆਦਿ ਸਾਜ਼ਾਂ ਨੂੰ ਹੀ ਸ਼ਾਸਤਰੀ ਸੰਗੀਤ ਦੀ ਸੰਗਤ ਅਤੇ ਏਕਲ ਵਾਦਨ ਵਜੋਂ ਵਜਾਇਆ ਜਾਂਦਾਸੀ। ਪੱਛਮੀ ਸੱਭਿਅਤਾ ਦੇ ਨਾਲ-ਨਾਲ ਭਾਰਤੀ ਸੰਗੀਤ ਵਿਚ ਹਾਰਮੋਨੀਅਮ ਅਤੇ ਵਾਇਲਨ ਦਾ ਆਗਮਨ ਹੋਣ ਕਰਕੇ ਸ਼ਾਸਤਰੀ ਸੰਗੀਤ ਨੇ ਇਸ ਨੂੰ ਸਿੱਧੇ ਰੂਪ ਵਿਚ ਸਵਿਕਾਰਿਆ ਅਤੇ ਸ਼ਾਸਤਰੀ ਸੰਗੀਤ ਦੇ ਸੰਗਤ ਸਾਜ਼ਾਂ ਵਿਚ ਹਾਰਮੋਨੀਅਮ ਅਤੇ ਵਾਈਲਨ ਨੂੰ ਅਹਿਮ ਸਥਾਨ ਦਿੱਤਾ ਗਿਆ। ਸਮਾਂ ਪੈਣ ਨਾਲ ਪਰੰਪਰਾਗਤ ਸ਼ਾਸਤਰੀ ਸਾਜ਼ਾਂ ਦੇ ਨਾਲ-ਨਾਲ ਇਲੈਕਟ੍ਰਾਨਿਕ ਬਾਂਸੁਰੀ, ਤਬਲਾ, ਤਾਨਪੁਰਾ ਆਦਿ ਸਾਜ਼ਾਂ ਦਾ ਪ੍ਰਯੋਗ ਵੀ ਵੱਧ ਗਿਆ।

ਗੁਰਮਤਿ ਸੰਗੀਤ ਸ਼ੈਲੀ ਜਿਹੜੀ ਕਿ ਅਧਿਆਤਮਿਕਤਾ ਨਾਲ ਜੁੜੀ ਹੋਈ ਸੀ, ਇਸ ਨਾਲ ਸੰਗਤ ਵਜੋਂ ਵਰਤੇ ਜਾਂਦੇ ਸਾਜ਼ਾਂ ਵਿਚ ਸਾਰੰਦਾ, ਰਬਾਬ, ਦਿਲਰੁਬਾ, ਤਾਊਸ, ਇਸਰਾਜ, ਤਾਨਪੁਰਾ, ਤਬਲਾ, ਪਖਾਵਜ, ਢੋਲਕ, ਖੜਤਾਲ, ਚਿਮਟਾ, ਢੱਡ ਆਦਿ ਨਾਮ ਵਰਣਨਯੋਗ ਸਨ ਪਰੰਤੂ ਵਰਤਮਾਨ ਸਮੇਂ ਹਾਰਮੋਨੀਅਮ, ਕੀ-ਬੋਰਡ, ਔਕਟੋਪੈਡ, ਇਲੈਕਟ੍ਰੋਨਿਕ ਤਾਨਪੁਰਾ, ਤਬਲਾ ਆਦਿ ਸਾਜ਼ਾਂ ਨੂੰ ਵੀ ਸੰਗਤ ਵਜੋਂ ਵਜਾਇਆ ਜਾਂਦਾ ਹੈ। ਵਰਤਮਾਨ ਸਮੇਂ ਲੋਕ ਸੰਗੀਤ, ਸ਼ਾਸਤਰੀ ਸੰਗੀਤ, ਗੁਰਮਤਿ ਸੰਗੀਤ ਅਤੇ ਸੂਫ਼ੀ ਸੰਗੀਤ ਆਦਿ ਸ਼ੈਲੀਆਂ ਦੀਆਂ ਸਾਰੀਆਂ ਵੰਨਗੀਆਂ ਨਾਲ ਪਰੰਪਰਾਗਤ ਸਾਜ਼ਾਂ ਦੇ ਨਾਲ-ਨਾਲ ਪੱਛਮੀ ਸੰਗੀਤ ਅਤੇ ਸਾਜ਼ਾਂ ਨੂੰ ਵੀ ਜ਼ਿਆਦਾ ਤਰਜੀਹ ਦਿੱਤੀ ਜਾਂਦੀ ਹੈ।

ਵਿੱਦਿਅਕ ਅਦਾਰਿਆਂ ਜਿਵੇਂ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਆਦਿ ਵਿਚ ਵੀ ਪੱਛਮੀ ਸੰਗੀਤ ਅਤੇ ਸਾਜ਼ਾਂ ਨੂੰ ਵਿਸ਼ੇ ਦੇ ਰੂਪ ਵਿਚ ਸਵਿਕਾਰਿਆ ਗਿਆ ਹੈ। ਇਹਨਾਂ ਵਿੱਦਿਅਕ ਅਦਾਰਿਆਂ ਵਿਚ ਹੋਣ ਵਾਲੇ ਸੰਗੀਤਕ ਮੇਲਿਆਂ ਵਿਚ ਪੱਛਮੀ ਸੰਗੀਤ ਦੀਆਂ ਵੰਨਗੀਆਂ ਜਿਵੇਂ ਵੈਸਟਰਨ ਸੋਲੋ ਸੌਂਗ, ਵੈਸਟਰਨ ਗਰੁੱਪ ਸੌਂਗ, ਵੈਸਟਰਨ ਸੋਲੋ ਇੰਸਟਰੂਮੈਂਟਲ ਆਦਿ ਨੂੰ ਆਇਟਮਾਂ ਵਜੋਂ ਸ਼ਾਮਿਲ ਕੀਤਾ ਗਿਆ ਹੈ।

## ਆਧੁਨਿਕ ਜਾਂ ਮਸਨੂਈ ਸਾਜ਼ਾਂ ਦਾ ਪਰੰਪਰਾਗਤ ਸਾਜ਼ ਨਿਰਮਾਣਕਾਰਾਂ ਉੱਤੇ ਸਮਾਜਿਕ ਅਤੇ ਆਰਥਿਕ ਪ੍ਰਭਾਵ

ਸੰਗੀਤ ਵਿਚ ਸਮੇਂ ਅਨੁਸਾਰ ਨਵੀਨਤਾ ਅਤੇ ਵੰਨ ਸਵੰਨਤਾ ਦਾ ਆਉਂਣਾ ਜ਼ਰੂਰੀ ਹੈ ਪਰੰਤੂ ਇਸ ਦਾ ਮਤਲਬ ਇਹ ਨਹੀਂ ਕਿ ਅਸੀਂ ਆਪਣੇ ਪਰੰਪਰਾਗਤ ਵਿਰਾਸਤੀ ਸਾਜ਼ਾਂ ਨੂੰ ਭੁੱਲ ਕੇ ਪੱਛਮੀ ਸਾਜ਼ਾਂ ਨੂੰ ਹੀ ਅਪਣਾ ਲਈਏ ਅਤੇ ਉਹਨਾਂ ਨੂੰ ਹੀ ਆਪਣੇ ਸੰਗੀਤ ਦੇ ਖੇਤਰ ਵਿਚ ਵਰਤੀਏ। ਕੁਝ ਹੱਦ ਤਕ ਪੱਛਮੀ ਸੰਗੀਤ ਅਤੇ ਸਾਜ਼ਾਂ ਦੀ ਵਰਤੋਂ ਕਰਨੀ ਸਹੀ ਹੈ ਪਰੰਤੂ ਇਹਨਾਂ ਦਾ

ਵਿਰਾਸਤੀ ਸੰਗੀਤ ਉੱਪਰ ਭਾਰੂ ਹੋਣਾ ਵਿਰਾਸਤੀ ਸੰਗੀਤ ਅਤੇ ਸਾਰੇ ਹੀ ਅਸਲ ਸਾਜ਼ਾਂ ਲਈ ਘਾਤਕ ਹੈ। ਪਰੰਪਰਾਗਤ ਸਾਜ਼ ਭਾਰਤੀ ਪੰਜਾਬੀ ਸੱਭਿਅਤਾ ਅਤੇ ਸੰਸਕ੍ਰਿਤੀ ਦਾ ਅਟੁੱਟ ਹਿੱਸਾ ਹਨ, ਜਿਨਾਂ ਨੂੰ ਅੱਖੋਂ ਪਰੋਖੇ ਕੀਤਾ ਜਾ ਰਿਹਾ ਹੈ। ਸਦੀਆਂ ਤੋਂ ਜਿਹੜਾ ਸਥਾਨ ਵਿਰਾਸਤੀ ਸਾਜ਼ਾਂ ਦਾ ਸਾਡੀ ਸੱਭਿਅਤਾ ਅਤੇ ਸੰਸਕ੍ਰਿਤੀ ਵਿਚ ਮੌਜੂਦ ਹੈ ਜੇ ਉਸ ਜਗ੍ਹਾ ਪੱਛਮੀ ਸਾਜ਼ਾਂ ਨੇ ਆਪਣਾ ਡੇਰਾ ਜਮਾ ਲਿਆ ਤਾਂ ਜਿਹੜੇ ਛੋਟੇ-ਛੋਟੇ ਕਸਬਿਆਂ, ਪਿੰਡਾਂ ਅਤੇ ਸ਼ਹਿਰਾਂ ਵਿਚ ਲਗਾਤਾਰ ਕਈ ਪੀੜ੍ਹੀਆਂ ਤੋਂ ਸਾਜ਼ ਕਾਰੀਗਰ ਸਾਜ਼ਾਂ ਦਾ ਨਿਰਮਾਣ ਕਰਕੇ ਆਪਣੇ ਪਰਿਵਾਰ ਦਾ ਗੁਜ਼ਾਰਾ ਕਰ ਰਹੇ ਹਨ, ਉਹਨਾਂ ਨੂੰ ਬਹੁਤ ਸਾਰੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਇਹ ਸਾਜ਼ ਕਾਰੀਗਰ ਆਪਣੇ ਕਿੱਤੇ ਨੂੰ ਹੀ ਆਪਣਾ ਧਰਮ ਸਮਝ ਕੇ ਪੀੜ੍ਹੀਆਂ ਤੋਂ ਹੁਣ ਤਕ ਸੰਗੀਤ ਦੀ ਸੇਵਾ ਕਰਦੇ ਆ ਰਹੇ ਹਨ ਪਰੰਤੂ ਜੇਕਰ ਅੱਗੇ ਭਵਿੱਖ ਵਿਚ ਗਾਇਕਾਂ, ਵਾਦਕਾਂ ਦੁਆਰਾ ਪਰੰਪਰਾਗਤ ਸਾਜ਼ਾਂ ਦੀ ਬਜਾਏ ਪੱਛਮੀ ਸਾਜ਼ਾਂ ਨੂੰ ਹੀ ਜ਼ਿਆਦਾ ਤਰਜੀਹ ਦਿੱਤੀ ਗਈ ਤਾਂ ਇਹਨਾਂ ਨੇ ਹੁਣ ਤਕ ਵਿਰਾਸਤੀ ਸਾਜ਼ਾਂ ਨੂੰ ਸਾਂਭਣ ਵਿਚ ਜੋ ਮਿਹਨਤ ਅਤੇ ਸੇਵਾ ਕੀਤੀ ਹੈ ਉਹ ਵਿਅਰਥ ਹੋ ਜਾਵੇਗੀ।

ਪੰਜਾਬੀ ਸੰਗੀਤ ਅਤੇ ਸੰਗੀਤਕ ਸਾਜ਼ਾਂ 'ਤੇ ਪੱਛਮੀ ਸਭਿਆਚਾਰ ਦਾ ਵਪਾਰੀਕਰਨ ਅਤੇ ਪੂੰਜੀਵਾਦ ਹੋਣ ਕਾਰਨ ਜੋ ਪਰੰਪਰਾਗਤ ਸਾਜ਼ ਨਿਰਮਾਣਕਾਰਾਂ ਨੇ ਘਰਾਂ ਵਿਚ ਹੀ ਜੋ ਛੋਟੇ-ਛੋਟੇ ਕੁਟੀਰ ਉਦਯੋਗ ਸਾਜ਼ ਬਣਾਉਂਣ ਲਈ ਲਗਾਏ ਸਨ ਉਹਨਾਂ ਵਿਚੋਂ ਕਈ ਠੱਪ ਹੋ ਗਏ ਹਨ ਅਤੇ ਕਈ ਠੱਪ ਹੋਣ ਦੇ ਕਿਨਾਰੇ ਤੇ ਹਨ, ਕਈ ਸਾਜ਼ ਕਾਰੀਗਰ ਆਪਣੀਆਂ ਪੀੜ੍ਹੀਆਂ ਤੋਂ ਚੱਲਦੀ ਆ ਰਹੀ ਸਾਜ਼ ਬਣਾਉਂਣ ਦੀ ਪਰੰਪਰਾ ਨੂੰ ਛੱਡ ਕੇ ਕੋਈ ਹੋਰ ਕੰਮ ਕਰਨ ਲਈ ਮਜ਼ਬੂਰ ਹੋ ਚੁੱਕੇ ਹਨ। ਜਦੋਂ ਪਰੰਪਰਾਗਤ ਸਾਜ਼ ਹੀ ਨਹੀਂ ਬਣਨਗੇ ਤਾਂ ਆਪਣੇ ਆਪ ਹੀ ਵਿਰਾਸਤੀ ਸਾਜ਼ਾਂ ਦੀ ਜਗ੍ਹਾ ਪੱਛਮੀ ਸਾਜ਼ਾਂ ਦੀ ਹਕੂਮਤ ਹੋਣੀ ਲਾਜ਼ਮੀ ਹੈ। ਇਕ ਸਕਾਰਾਤਮਕ ਪੱਖ ਇਹ ਵੀ ਹੈ ਕਿ ਅਜੇ ਪੱਛਮੀ ਸਾਜ਼ਾਂ ਦਾ ਪ੍ਰਭਾਵ ਸਾਡੇ ਪਰੰਪਰਾਗਤ ਸੰਗੀਤਕ ਸਾਜ਼ ਜਗਤ ਨੂੰ ਪੂਰੀ ਤਰ੍ਹਾਂ

ਪ੍ਰਭਾਵਿਤ ਨਹੀਂ ਕਰ ਸਕਿਆ ਹੈ। ਸਮੇਂ ਨੂੰ ਧਿਆਨ ਵਿਚ ਰੱਖਦਿਆਂ ਜੇ ਇਸ ਬਾਰੇ ਚਿੰਤਨ ਨਾ ਕੀਤਾ ਗਿਆ ਤਾਂ ਸਾਡੀ ਪੰਜਾਬੀ ਸੱਭਿਅਤਾ, ਪਰੰਪਰਾਗਤ ਸੰਗੀਤ ਅਤੇ ਸੰਗੀਤਕ ਸਾਜ਼ ਖ਼ਤਮ ਹੋਣ ਦੇ ਕਿਨਾਰੇ ਪਹੁੰਚ ਜਾਣਗੇ।

## ਪਰੰਪਰਾਗਤ ਸਾਜ਼ਾਂ ਨਾਲ ਇਲੈਕਟ੍ਰੋਨਿਕ ਸਾਜ਼ਾਂ ਦਾ ਤੁਲਨਾਤਮਕ ਅਧਿਐਨ

ਪਰੰਪਰਾਗਤ ਸਾਜ਼ਾਂ ਜਾਂ ਮੈਨੂਅਲ ਸਾਜ਼ਾਂ ਦੇ ਨਾਲ ਇਲੈਕਟ੍ਰੋਨਿਕ ਸਾਜ਼ਾਂ ਦੀ ਤੁਲਨਾ ਕਰੀਏ ਤਾਂ ਬਹੁਤ ਸਾਰੇ ਸੰਗੀਤ ਪ੍ਰੇਮੀ, ਸਾਜ਼ ਵਾਦਕ ਅਤੇ ਕਲਾਕਾਰ ਮੈਨੂਅਲ ਜਾਂ ਅਸਲ ਸਾਜ਼ਾਂ ਨੂੰ ਜ਼ਿਆਦਾ ਤਰਜੀਹ ਦੇਣ ਲਈ ਪ੍ਰਤੱਖ ਪ੍ਰਮਾਣ ਦਿੰਦੇ ਹਨ। ਉਹਨਾਂ ਦਾ ਮੰਨਣਾ ਹੈ ਕਿ ਜੋ ਰੰਗਤ ਪਰੰਪਰਾਗਤ ਸਾਜ਼ਾਂ ਵਿਚ ਝਲਕਦੀ ਹੈ ਉਸਦੀ ਪੂਰਤੀ ਇਲੈਕਟ੍ਰੋਨਿਕ ਸਾਜ਼ ਕਦੇ ਵੀ ਨਹੀਂ ਕਰ ਸਕਦੇ। ਕੁੱਝ ਕਲਾਕਾਰ ਆਪਣੀ ਸੰਗੀਤ ਪ੍ਰਸਤੁੱਤੀ ਵਿਚ ਇਲੈਕਟ੍ਰੋਨਿਕ ਤਾਨਪਰੇ ਦੀ ਵਰਤੋਂ ਕਰਦੇ ਹਨ ਉਹ ਕਿਸੇ ਹੱਦ ਤੱਕ ਠੀਕ ਹੈ ਪਰੰਤੂ ਜੇਕਰ ਉਹ ਸੋਚਣ ਕਿ ਸੰਗੀਤ ਪ੍ਰਸਤੁੱਤੀ ਲਈ ਸੰਗਤ ਵਜੋਂ ਇਲੈਕਟ੍ਰੋਨਿਕ ਤਬਲਾ ਵੀ ਮੈਨੂਅਲ ਤਬਲਾ ਦਾ ਸਥਾਨ ਲੈ ਸਕਦਾ ਹੈ ਤਾਂ ਇਹ ਕਹਿਣਾ ਗਲਤ ਹੋਵੇਗਾ ਕਿਉਂਕਿ ਗਾਇਕ ਜਾਂ ਤੰਤਰ-ਸੁਸ਼ਿਰ ਵਾਦਕ ਆਪਣੀ ਪ੍ਰਸਤੁੱਤੀ ਦੌਰਾਨ ਤਬਲਾ ਵਾਦਕ ਤੋਂ ਕੁੱਝ ਵੱਖਰਾ ਵਜਵਾਉਂਣ ਦੀ ਇੱਛਾ ਰੱਖ ਸਕਦੇ ਹਨ। ਉਹਨਾਂ ਦੀ ਇਹ ਇੱਛਾ ਇਲੈਕਟ੍ਰੋਨਿਕ ਤਬਲੇ ਨਾਲ ਪੂਰੀ ਨਹੀਂ ਹੋਂ ਸਕਦੀ। ਜਿਵੇਂ ਅਸੀਂ ਦੇਖਦੇ ਹੀ ਹਾਂ ਕਿ ਸਹਿਯੋਗੀ ਵਾਦਕ ਕਲਾਕਾਰ ਮੰਚ 'ਤੇ ਮੁੱਖ ਕਲਾਕਾਰ ਦਾ ਥੋੜਾ ਜਿਹਾ ਇਸ਼ਾਰਾ ਮਿਲਦਿਆਂ ਹੀ ਲੈਅ ਘੱਟ ਜਾਂ ਵੱਧ ਕਰਦੇ ਹਨ, ਇਹ ਸਭ ਇਲੈਕਟ੍ਰੋਨਿਕ ਸਾਜ਼ਾਂ ਨਾਲ ਸੰਭਵ ਨਹੀਂ ਹੋਂ ਸਕਦਾ ਕਿਉਂਕਿ ਇਹ ਮਸ਼ੀਨੀ ਉਪਕਰਣ ਹਨ। ਇਸ ਲਈ ਚੰਗੇ ਗਾਇਕ, ਵਾਦਕ ਇਲੈਕਟ੍ਰੋਨਿਕ ਸਾਜ਼ਾਂ ਦੀ ਵਰਤੋਂ ਨਾ ਮਾਤਰ ਕਰਕੇ ਪਰੰਪਰਾਗਤ ਸਾਜ਼ਾਂ ਨੂੰ ਹੀ ਸੰਗਤ ਵਜੋਂ ਤਰਜੀਹ ਦਿੰਦੇ ਹਨ।

ਪੰਜਾਬ ਦਾ ਸੰਗੀਤ ਅਤੇ ਸੰਗੀਤਕ ਸਾਜ਼ ਜਗਤ ਹਮੇਸ਼ਾ ਹੀ ਮੌਲਿਕਤਾ ਅਤੇ ਸਿਰਜਣਾਤਮਕਤਾ ਦਾ ਪ੍ਰਬਲ ਪਹਿਰੇਦਾਰ ਰਿਹਾ ਹੈ। ਇਸ ਵਿਚ ਬਣਾਉਟੀਪੁਣੇ ਨੂੰ ਕਦੇ ਵੀ ਬਹੁਤ ਜ਼ਿਆਦਾ ਮਹੱਤਵ ਨਹੀਂ ਦਿੱਤਾ ਗਿਆ। ਪੰਜਾਬ ਦੇ ਸੰਗੀਤਕ ਸਾਜ਼ਾਂ ਦੀ ਰੂਹਾਨੀਅਤ ਅਤੇ ਸੰਗੀਤਕ ਸੱਭਿਆਚਾਰਕ ਸੰਸਕ੍ਰਿਤੀ ਦੀ ਮੌਲਿਕਤਾ ਤਾਂ ਪਰੰਪਰਾਗਤ ਸਾਜ਼ਾਂ 'ਚੋਂ ਹੀ ਮਿਲਦੀ ਹੈ। ਇਸ ਲਈ ਕੁੱਝ ਚੰਗੇ ਸੰਗੀਤ ਵਾਦਕ, ਕਲਾਕਾਰ ਅਤੇ ਸੰਗੀਤਕਾਰ ਆਧੁਨਿਕ ਜਾਂ ਮਸਨੂਈ ਸਾਜ਼ਾਂ ਦੀ ਬਜਾਏ ਪਰੰਪਰਾਗਤ ਸਾਜ਼ਾਂ ਦੀ ਵਰਤੋਂ ਕਰਕੇ ਮੂਲ ਸਾਜ਼ਾਂ ਦੀ ਹੋਂਦ ਅਤੇ ਉਹਨਾਂ ਦਾ ਮਹੱਤਵ ਕਾਇਮ ਰੱਖਣ ਲਈ ਅਣਥੱਕ ਉਪਰਾਲੇ ਕਰ ਰਹੇ ਹਨ।

## ਵਿਦਿਅਕ ਅਤੇ ਸੰਗੀਤਕ ਸੰਸਥਾਵਾਂ ਦਾ ਯੋਗਦਾਨ

ਵਿਰਾਸਤੀ ਸੰਗੀਤ ਅਤੇ ਸੰਗੀਤਕ ਸਾਜ਼ਾਂ ਨੂੰ ਸਰੁੱਖਿਅਤ ਰੱਖਣ ਲਈ ਸਕੂਲਾਂ, ਕਾਲਜਾਂ ਤੇ ਯੂਨੀਵਰਸਿਟੀਆਂ ਤੋਂ ਇਲਾਵਾ ਹੋਰ ਸੰਗੀਤਕ ਸੰਸਥਾਵਾਂ, ਸੰਗੀਤਕ ਘਰਾਣੇ (ਗਾਇਨ ਅਤੇ ਵਾਦਨ), ਸੰਗੀਤਕ ਸੰਮੇਲਨਾਂ ਅਤੇ ਨਿੱਜੀ ਸੰਗੀਤ ਸੰਸਥਾਵਾਂ ਦੇ ਨਾਲ-ਨਾਲ ਵਿਦੇਸ਼ਾਂ ਵਿਚ ਰਹਿੰਦੇ ਪੰਜਾਬੀ ਸੰਗੀਤ ਪ੍ਰੇਮੀਆਂ ਵੱਲੋਂ ਬਹੁਤ ਸਾਰੇ ਉਪਰਾਲੇ ਕੀਤੇ ਗਏ ਹਨ। ਪੰਜਾਬੀ ਯੂਨੀਵਰਸਿਟੀ ਪਟਿਆਲਾ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਅਤੇ ਗੁਰੂ ਨਾਨਾਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਆਦਿ ਦੇ ਸੰਗੀਤ ਵਿਭਾਗਾਂ ਵੱਲੋਂ ਬਹੁਤ ਸ਼ਲਾਘਾਯੋਗ ਕਦਮ ਚੁੱਕੇ ਗਏ ਹਨ ਜਿਹਨਾਂ ਵਿਚੋਂ ਸ਼ਾਸਤਰੀ ਸੰਗੀਤ ਅਤੇ ਗੁਰਮਤਿ ਸੰਗੀਤ ਗਾਇਨ ਅਤੇ ਵਾਦਨ ਦੀ ਐੱਮ.ਏ., ਐੱਮ.ਫਿਲ. ਅਤੇ ਪੀ.ਐੱਚ.ਡੀ. ਤੋਂ ਇਲਾਵਾ ਪੰਜਾਬੀ ਲੋਕ ਸੰਗੀਤ ਅਤੇ ਸੂਫ਼ੀ ਸੰਗੀਤ ਦਾ ਡਿਪਲੋਮੇ ਕੋਰਸ ਸ਼ੁਰੂ ਕੀਤੇ ਗਏ ਹਨ। ਇਹਨਾਂ ਵਿਦਿਅਕ ਸੰਸਥਾਵਾਂ ਵੱਲੋਂ ਲੋਕ ਅਤੇ ਵਿਰਾਸਤੀ ਕਲਾਵਾਂ ਦੇ ਖੇਤਰੀ ਮੇਲਿਆਂ ਦੇ ਆਯੋਜਨ ਰਾਹੀਂ

ਵਿਰਾਸਤੀ ਸੰਗੀਤ ਅਤੇ ਸੰਗੀਤਕ ਸਾਜ਼ਾਂ ਦੀ ਸੰਭਾਲ ਲਈ ਸ਼ਲਾਘਾਯੋਗ ਉਪਰਾਲੇ ਕੀਤੇ ਜਾ ਰਹੇ ਹਨ। ਬੜਾ ਚੰਗਾ ਹੋਵੇ ਜੇ ਇਹਨਾਂ ਯੂਨੀਵਰਸਿਟੀਆਂ ਅਤੇ ਸੱਭਿਆਚਾਰ ਦੀ ਸੰਭਾਲ ਲਈ ਬਣੇ ਹੋਰ ਅਦਾਰਿਆਂ ਵੱਲੋਂ ਸਾਜ਼ ਨਿਰਮਾਤਾਵਾਂ ਨਾਲ ਸਿੱਧਾ ਸੰਪਰਕ ਸਾਧ ਕੇ ਇਹਨਾਂ ਦੀ ਤਕਨੀਕ ਅਤੇ ਕਲਾ ਨੂੰ ਉਜਾਗਰ ਕੀਤਾ ਜਾਵੇ ਤੇ ਨਵੀਂ ਪੀੜ੍ਹੀ ਨੂੰ ਇਸ ਤੋਂ ਜਾਣੂ ਕਰਵਾਇਆ ਜਾਵੇ ਤਾਂ ਜੋ ਇਸ ਅਮੀਰ ਪਰੰਪਰਾ ਨੂੰ ਸੰਭਾਲਿਆ ਜਾ ਸਕੇ।

ਇਸ ਵਿਸ਼ੇ ਦਾ ਮਕਸਦ ਇਸ ਤੱਥ ਨੂੰ ਉਭਾਰਨਾ ਹੈ ਕਿ ਪੰਜਾਬ ਵਿਚ ਵਿਰਾਸਤੀ ਸੰਗੀਤ ਅਤੇ ਸੰਗੀਤਕ ਸਾਜ਼ਾਂ ਨੂੰ ਸਾਂਭਣ ਵਿੱਚ ਕਈ ਸੰਗੀਤ ਪਹਿਰੇਦਾਰ ਕਾਰਜਸ਼ੀਲ ਹਨ ਤੇ ਤਮਾਮ ਮੁਸ਼ਕਿਲਾਂ ਦੇ ਬਾਵਜੂਦ ਉਹ ਲਗਨ ਨਾਲ ਇਸ ਕੰਮ ਵਿਚ ਲੱਗੇ ਹੋਏ ਹਨ। ਉਹਨਾਂ ਦਾ ਨਿਰੰਤਰ ਇਸ ਗਤੀਵਿਧੀ ਵਿਚ ਕਾਰਜਸ਼ੀਲ ਹੋਣਾ ਇਸ ਤੱਥ ਦਾ ਪ੍ਰਮਾਣ ਹੈ ਕਿ ਪਰੰਪਰਾਗਤ ਸਾਜ਼ਾਂ ਦੀ ਲੋੜ ਅਤੇ ਵਰਤੋਂ ਅਜੇ ਵੀ ਹੈ। ਕਿੰਨੀ ਵੀ ਸੱਭਿਆਚਾਰਕ ਤਬਦੀਲੀ ਹੋ ਜਾਵੇ, ਕਿੰਨਾ ਵੀ ਵਕਤ ਬਦਲ ਜਾਵੇ ਇਹਨਾਂ ਸਾਜ਼ਾਂ ਦੀ ਸਾਰਥਕਤਾ ਸਦੀਵੀ ਹੈ। ਇਹ ਸਾਜ਼ ਸਾਡੀ ਸਮਾਜਿਕ ਤੇ ਸੱਭਿਆਚਾਰਕ ਪਰੰਪਰਾ ਦਾ ਓਨਾ ਹੀ ਅਖੰਡ ਹਿੱਸਾ ਹਨ ਜਿੰਨਾ ਕਿ ਸਾਡੀ ਰਹਿਣੀ-ਬਹਿਣ ਦੇ ਹੋਰ ਸੱਭਿਆਚਾਰਕ ਸ੍ਰੋਤ ਤੇ ਚਿੰਨ੍ਹ ਹਨ। ਇਹਨਾਂ ਸਾਜ਼ਾਂ ਦਾ ਅਜੇ ਵੀ ਨਿਰਮਾਣ ਜਾਰੀ ਹੈ ਜੋ ਇਸ ਗੱਲ ਦਾ ਪ੍ਰਤੀਕ ਹੈ ਕਿ ਇਹ ਮੌਜੂਦ ਹਨ, ਜ਼ਿੰਦਾ ਹਨ। ਜਦੋਂ ਤਕ ਪੀੜ੍ਹੀਆਂ ਤੋਂ ਚੱਲਦਾ ਆ ਰਿਹਾ ਵਿਰਾਸਤੀ ਸੰਗੀਤ ਕਾਇਮ ਹੈ, ਉਦੋਂ ਤੱਕ ਇਹਨਾਂ ਸਾਜ਼ਾਂ ਦੀ ਜ਼ਰੂਰਤ ਪੈਂਦੀ ਰਹੇਗੀ। ਇਹਨਾਂ ਮੂਲ ਸਾਜ਼ਾਂ ਨੂੰ ਬਚਾਉਣ ਲਈ ਪਹਿਲਾਂ ਵਿਰਾਸਤੀ ਸੰਗੀਤ ਨੂੰ ਬਚਾਉਣਾ ਜ਼ਰੂਰੀ ਹੈ।

ਆਧੁਨਿਕਤਾ ਨੂੰ ਅਪਣਾਉਂਣ ਵਿਚ ਕੋਈ ਹਰਜ਼ ਨਹੀਂ ਪਰੰਤੂ ਆਪਣੀ ਪਰੰਪਰਾ ਨੂੰ ਭੁਲਾਉਣਾਂ ਆਪਣੇ ਵਿਰਸੇ ਤੋਂ ਟੁਟਣਾ ਹੁੰਦਾ ਹੈ, ਜਿਸ ਨਾਲ ਅਮੀਰ ਤੋਂ ਅਮੀਰ ਸੱਭਿਆਤਾਵਾਂ ਵੀ ਅਲੋਪ ਹੋ ਜਾਂਦੀਆ ਹਨ। ਇਸ ਲਈ ਇਸ ਦੀ ਚਿੰਤਾ ਅਤੇ ਚਿੰਤਨ ਕਰਨਾ ਜ਼ਰੂਰੀ ਹੈ। ਨਵੇਂ ਸਾਜ਼ਾਂ ਦਾ ਆਗਮਨ ਹੋਣਾ ਇਕ

ਸਾਕਾਰਾਤਮਕ ਹੁੰਗਾਰਾ ਹੈ ਜਦ ਕਿ ਪਰੰਪਰਾਗਤ ਸਾਜ਼ਾਂ ਤੋਂ ਦੂਰ ਜਾਣਾ ਆਪਣੀ ਅਮੀਰ ਸੱਭਿਅਤਾ ਨੂੰ ਢਾਅ ਲਾਉਂਣਾ ਹੈ, ਪਰੰਪਰਾਗਤ ਸਾਜ਼ਾਂ ਵਿਚ ਵੀ ਨਵੀਨਤਾ ਆਉਂਣੀ ਸਮੇਂ ਦੀ ਲੋੜ ਤਾਂ ਹੈ ਪਰੰਤੂ ਪਰੰਪਰਾ ਦੇ ਸੁਮੇਲ ਨਾਲ ਇਸ ਨੂੰ ਕਾਇਮ ਰੱਖਣਾ ਬਹੁਤ ਜ਼ਰੂਰੀ ਹੈ, ਜੇ ਇਸ ਦਿਸ਼ਾ ਵਿਚ ਪੰਜਾਬ ਦਾ ਸੰਗੀਤ ਵਿਕਸਿਤ ਹੋਵੇਗਾ ਤਾਂ ਪਰੰਪਰਾਗਤ ਸਾਜ਼ਾਂ ਨੂੰ ਵੀ ਸੰਭਾਲਿਆ ਜਾ ਸਕੇਗਾ ਅਤੇ ਨਵੀਨ ਸਾਜ਼ਾਂ ਦੀ ਵਰਤੋਂ ਨੂੰਵੀ ਸਾਕਾਰਾਤਮਕ ਰੂਪ ਵਿਚ ਸਮਝਿਆ ਜਾ ਸਕੇਗਾ।

ਉਪਰੋਕਤ ਦੇ ਆਧਾਰ ‘ਤੇ ਇਹ ਕਿਹਾ ਜਾ ਸਕਦਾ ਹੈ ਕਿ ਸਾਜ਼ ਕਿਸੇ ਵੀ ਖਿਤੇ/ਸੱਭਿਆਚਾਰ/ਸੱਭਿਅਤਾ ਦੀ ਅਮੀਰੀ ਦਾ ਪ੍ਰਤੀਬਿੰਬ ਹੁੰਦੇ ਹਨ। ਇਹਨਾਂ ਦੀ ਸਾਂਭ ਅਤੇ ਸੰਭਾਲ ਇਕ ਗੌਲਣਯੋਗ ਮੁੱਦਾ ਹੈ, ਤਾਂ ਜੋ ਆਉਂਣ ਵਾਲੀਆਂ ਪੀੜ੍ਹੀਆਂ ਇਹਨਾਂ ਦੀ ਜਾਣਕਾਰੀ ਤੋਂ ਬਾਝੀਆਂ ਨਾ ਰਹਿ ਜਾਣ। ਇਹਨਾਂ ਪਰੰਪਰਾਗਤ ਸਾਜ਼ਾਂ ਨੂੰ ਸਾਂਭ ਕੇ ਹੀ ਪੰਜਾਬ ਦੀ ਅਮੀਰ ਸੰਗੀਤਕ ਵਿਰਾਸਤ ਨੂੰ ਸੰਭਾਲਿਆ ਜਾ ਸਕਦਾ ਹੈ।

ਐਮ.ਏ. (ਸੰਗੀਤ ਗਾਇਨ),
ਐਮ. ਫ਼ਿਲ. ਯੂ.ਜੀ.ਸੀ.(ਨੈੱਟ),
ਅਸਿਸਟੈਂਟ ਪ੍ਰੋਫੈਸਰ (ਗੈਸਟ ਫੈਕਲਟੀ),
ਯੂਨੀਵਰਸਿਟੀ ਕਾਲਜ, ਬੇਨੜ੍ਹਾ (ਧੂਰੀ) ਸੰਗਰੂਰ।
ਪਤਾ ਖ਼: ਸ਼ਹੀਦ ਭਗਤ ਸਿੰਘ ਹੋਸਟਲ ਨੰ. 6,
ਕਮਰਾ ਨੰ. 41-F, ਪੰਜਾਬੀ ਯੂਨੀਵਰਸਿਟੀ, ਪਟਿਆਲਾ,
ਮੋਬਾਇਲ : 90415-58151

# Bhai Prithipal Singh Kang



**Dr. Amardev Singh**

Bhai Prithipal Singh Kang was originally from the village of Chak 68 Kallah, Lyallpur (now renamed to Faisalabad), which is now in Pakistan. He began his journey in Kirtan at Nankana Sahib. According to one source, he was a student of Bhai Pal Singh Ji but Bhai Sahib's son has confirmed that Bhai Prithipal Singh Kang had learned from someone else and he was more like a brother to Bhai Pal Singh and Bhai Jaswant Singh.

Following the partition in 1947, Bhai Prithipal Singh Ji did hard labour for 3 years tending to his fields. During this time, he was also a champion wrestler and was never defeated. Both his father, Sardar Gyan Singh Kang and his uncle, Sardar Ranjeet Singh Kang were great wrestlers of their time. His grandfather, Sardar Sohan Singh Kang was a great freedom fighter.

Bhai Prithipal Singh Kang served as Hazoori Raagi in Tarn Taran Sahib and Sri Harmandir Sahib, Amritsar from 1961 to 1984. During his service in Sri Harmandir Sahib, he used to say that there were only twelve jathas there at that time and each jatha used to perform Kirtan twice a day. The other members of his jatha were Bhai Banta Singh Ji and Bhai Surinder Singh Ji.

In 1984, he enlisted with the Indian Army and served as a religious teacher to the 2nd Sikh Regiment Infantry School in Mhow, Madhya Pradesh where he used to perform Kirtan in the Infantry Gurdwara as well. Having always been a sports person, Bhai Sahib played volleyball and shot put while in service. He retired with the post of Subedar Major which is the highest Junior Commissioned Officer (JCO) rank.

Bhai Prithipal Ji was also a radio artist with Akashwani Indore and used to appear regularly during the Sugam Sangeet Program that aired from 2.30-3.00 pm.

Besides that, he also recorded a few programs for Doordarshan Kendra, Jalandhar.

Bhai Prithipal Singh Ji also has numerous awards to his name including:

- The All-India Sikh Educational Conference award in 1962 held at Indore, M.P.
- Bhai Bakshish Singh Mardana Award
- First place at Jawaddi Kalan during their annual Samagam


Bhai Prithipal Singh Ji had a soaring voice and he always sang at a higher scale with his base pitch set at the 3rd or 4th 'kala' on the harmonium. His Kirtan was well appreciated by many Raagis as well, who sat and listened to him. He was also regularly invited to perform Kirtan at Sri Bhaini Sahib by the Namdharis. The above information was provided by Bhai Sahib's son, Veer Rajinder Singh and also one of Bhai Sahib's students, Veer Amarjeet Singh Kang who grew up in the laps of Bhai Prithipal Singh Ji.

Email: kirtansewamalaysia@gmail.com

# Mohinderjit Singh 'Guru Ji'

Aanchal Kapoor

Shri Mohinderjit Singh, a multifaceted composer, vocalist and musician of the highest calibre, passed away at his residence on 25th July 2024 at the age of 85. His musical journey spanned over 50 years and he was active - creating and recording music and also teaching his students, till the very end.



Guruji, as he was fondly called, was trained in both vocal and instrumental hindustani music under the tutelage of Pandit Husn Lal, Bhagat Ram and Pandit Vinay Chandra Maudgalya. He had also learned western music under Pandit Ram Prasad and Josic Menezes. He possessed great insight into Indian folk music, and had the ability to blend these folk forms with the traditional classical base to create a form all his own.

He composed music for such renowned musicians and playback singers as Mohammad Rafi, Asha Bhosle, Manna Dey, Suman Kalyanpur, Mahendra Kapoor, Jagjit Singh. Sulakshana Pandit, Sathee, Jaspal Singh, Nina and Rajendra Mehta, Minoo Purshottam, Sandhya Rao, Dilraj Kaur, Anuradha Paudwal, and Parveen Sultana.

As a vocalist, Mohinderjitji's music is remarkable for its soulfulness, imagination and subtlety. His vast repertoire comprises khayal, thumri, dadra, ghazal, geet, kaafi (Sufi) and bhajans. With his deep melodious voice and an expressive, emotive style, he was able to connect deeply with his discerning audience at various levels. He was also renowned as a violin virtuoso. Lilting softness combined with plaintive notes characterised his playing on the violin.

Mohinderjit ji was honoured by the then prime minister of India, Shri Atal Bihari Vajpayee, who gave his composition Sadbhavana a national status.

His creativity was not restricted to just composing music. He was the inventor of Naad Yogini, an exquisite string instrument with pathos of the violin, resonance of the cello and soothing sound of the sarangi and flute.

Mohinderjit Singh was one of the few remaining links to the rich and traditional music embedded in our history. His stories about the great composers and musicians, that he often recounted, were a beautiful window that helped us peer into our rich musical past.

With his demise, a huge chapter of music is forever lost to the world.

**Email: soundsofsatvikaa@gmail.com**

# ਰਾਗ ਬਿਲਾਵਲ

ਪ੍ਰੋਫੈਸਰ ਹਰਭਜਨ ਸਿੰਘ ਧਾਰੀਵਾਲ

*(ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਮੁੱਖ ੩੧ ਰਾਗੁ ਅਤੇ ਕੀਰਤਨ ਬੰਦਿਸ਼ਾਂ, ਛਪਾਈ ਅਧੀਨ ਕਿਤਾਬ ਵਿੱਚੋਂ, ਲੇਖਕ: ਪ੍ਰੋ. ਹਰਭਜਨ ਸਿੰਘ ਧਾਰੀਵਾਲ)*

ਪਿਛਲੇ ਸਤੰਬਰ ੨੦੨੪ ਦੇ ਅੰਕ ਵਿੱਚ ਰਾਗ ਬਿਲਾਵਲ ਦੀ ਖੋਜ ਭਰਪੂਰ ਜਾਣਕਾਰੀ ਅਤੇ ਸਬਦ ਦੀ ਨਿਰਧਾਰਤ ਰਾਗ ਵਿੱਚ ਅਡਵਾਂਸ ਪੱਧਰ ਦੀ ਬੰਦਿਸ਼ ਲਿਪੀ ਬੱਧ ਕਰਕੇ ਦੇ ਚੁੱਕਾ ਹਾਂ।

ਹੁਣ ਸ਼ੁਰੂਆਤੀ ਵਿਦਿਆਰਥੀਆਂ ਲਈ ਜਿਨਾਂ ਨੂੰ ਸਵਰ ਤਾਲ ਦੀ ਸਮਝ ਹੈ ਉਨ੍ਹਾਂ ਲਈ ਰਾਗ ਬਿਲਾਵਲ ਦਾ ਸਬਦ ਜੋ ਤਿੰਨ ਤਾਲ ਵਿੱਚ ਲਿਪੀ ਬੱਧ ਹੈ ਦੇ ਰਿਹਾ ਹਾਂ।

**ਵਿਸ਼ੇਸ:** ਡਾ. ਜਗੀਰ ਸਿੰਘ ਚੰਡੀਗੜ੍ਹ ਜੀ ਸੰਪਾਦਕ 'ਅੰਮ੍ਰਿਤ ਕੀਰਤਨ' ਦਾ ਖ਼ਾਸ ਤੌਰ ਤ ਤਹਿ ਦਿਲੋਂ ਸ਼ੁਕਰਗੁਜ਼ਾਰ ਹਾਂ ਜੋ ਗੁਰਬਾਣੀ ਕੀਰਤਨ, ਪਖਾਵਜ, ਉਖਲੀ-ਧਾਂਮਾ ਅਤੇ ਤਬਲਾ ਆਦਿ ਸਬੰਧੀ ਖੋਜ ਪੱਤਰ ਅਤੇ ਲੇਖ ਲਿਖਣ ਦੀ ਪ੍ਰੇਰਨਾ ਦਿੰਦੇ ਰਹਿੰਦੇ ਹਨ।

**ਰਾਗੁ ਬਿਲਾਵਲ ਮਹਲਾ ੫ ॥**

ਮਨ ਮਹਿ ਸਿੰਚਹੁ ਹਰਿ ਹਰਿ ਨਾਮ॥
ਅਨਦਿਨੁ ਕੀਰਤਨੁ ਹਰਿ ਗੁਣ ਗਾਮ॥੧॥
ਐਸੀ ਪ੍ਰੀਤਿ ਕਰਹੁ ਮਨ ਮੇਰੇ॥ ਆਠ ਪਹਰ ਪ੍ਰਭ ਜਾਨਹੁ ਨੇਰੇ॥੧॥ ਰਹਾਉ॥
ਕਹੁ ਨਾਨਕ ਜਾ ਕੇ ਨਿਰਮਲ ਭਾਗ॥ ਹਰਿ ਚਰਨੀ ਤਾ ਕਾ ਮਨੁ ਲਾਗ॥੨॥

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ - ਅੰਗ ੮੦੭)

# ਰਾਗੁ ਬਿਲਾਵਲ

## ਤਿੰਨ ਤਾਲ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| × | | | | ੨ | | | | ੦ | | | | ੩ | | | |
| ੧ | ੨ | ੩ | ੪ | ੫ | ੬ | ੭ | ੮ | ੯ | ੧੦ | ੧੧ | ੧੬ | ੧੩ | ੧੪ | ੧੫ | ੧੬ |
| | | | | | | | **ਸਥਾਈ:** | | ਗ | ਗ | ਮ | ਰੇ | ਰੇ | ਸਾ | ਸਾ |
| | | | | | | | | | ਐ | – | ਸੀ | ਪ੍ਰੀ | – | ਤਿ | – |
| ਗ | ਗ | ਗ | ਰੇ | ਗ | ਮ | ਪ | ਪ | – | ਨੀ | ਨੀ | ਨੀ | ਸਂ | ਸਂ | ਧ | ਪ |
| ਕਰ | ਹੁ | ਮ | ਨ | ਮੇ | – | ਰੇ | – | – | ਆ | ਠ | ਪ | ਹ | ਰ | ਪ੍ਰ | ਭ |
| ਗ | ਗ | ਮ | ਪਮ | ਗਮ | ਪਮ | ਗਮ | ਰੇਸਾ | | | | | | | | |
| ਜਾ | – | ਨ | ਹੁ | ਨੇ– | –– | –– | ਰੇ– | | | | | | | | |
| | | | | | | | **ਅੰਤਰਾ:** | | ਪ | ਪ | ਪ | ਨੀ | ਧ | ਨੀ | ਨੀ |
| | | | | | | | | - | ਮ | ਨ | ਮਹਿ | ਸਿੰ | – | ਚ | ਹੁ |
| ਸਂ | – | ਸਂ | – | ਸਂ | ਰੇ | ਸਂ | ਸਂ | – | ਨੀ | ਨੀ | ਨੀ | ਸਂ | ਸਂ | ਧ | ਪ |
| ਹ | ਰਿ | ਹ | ਰਿ | ਨਾ | – | ਮ | – | – | ਅਨ | ਦਿ | ਨ | ਕੀ | ਰ | ਤ | ਨੁ |
| ਗ | ਗ | ਮ | ਪਮ | ਗਮ | ਪਮ | ਗਮ | ਰੇਸ | | | | | | | | |
| ਹ | ਰਿ | ਗੁ | ਣ– | ਗਾ– | –– | –– | ਮ– | | | | | | | | |

# ਤਿੰਨ ਤਾਲ ਦੀਆਂ ਤਿਹਾਈਆਂ

ਪ੍ਰੋਫੈਸਰ ਹਰਭਜਨ ਸਿੰਘ ਧਾਰੀਵਾਲ
(ਲਾਹੌਰ ਬਾਜ ਪੰਜਾਬ ਘਰਾਣਾ)

ਤਬਲਾ ਸਿੱਖਿਆਰਥੀਆਂ ਲਈ ਤਿੰਨ ਤਾਲ ਦੀਆਂ ਤਿਹਾਈਆਂ ਅਤੇ ਇਨਾਂ ਦੇ ਪ੍ਰਕਾਰ - ਦਮਦਾਰ ਤਿਹਾਈ ਅਤੇ ਬੇਦਮ ਤਿਹਾਈ ਸਬੰਧੀ ਜਾਣਕਾਰੀ ਦੇਣ ਜਾ ਰਿਹਾ ਹਾਂ। ਇਨ੍ਹਾਂ ਤਿਹਾਈਆਂ ਦੇ ਨਿਕਾਸ ਸਬੰਧੀ ਅਤੇ ਵਧੇਰੇ ਜਾਣਕਾਰੀ ਲਈ ਸਿੱਖਿਆਰਥੀ ਮੈਨੂੰ ਮੇਰੇ ਫੋਨ ਨੰ: +91-9814349658 ਤੇ ਵਟਸ ਐਪ ਰਾਹੀਂ ਸੁਨੇਹਾ ਭੇਜ ਸਕਦੇ ਹਨ।

**ਤਿਹਾਈ:** ਕਿਸੇ ਵੀ ਬੋਲ ਸਮੂੰਹ ਨੂੰ 'ਧਾ' ਸਹਿਤ ਤਿੰਨ ਵਾਰ ਵਜਾਉਣ ਤੇ ਆਖ਼ਿਰਲਾ 'ਧਾ' ਨਿਰਧਾਰਤ ਤਾਲ ਦੇ ਸਮ ਨੂੰ ਗ੍ਰਹਿਣ ਕਰੇ ਤਾ ਇਸ ਪਰਕਾਰ ਦੀ ਰਚਨਾਂ ਨੂੰ ਤਿਹਾਈ ਕਿਹਾ ਜਾਂਦਾ ਹੈ। ਤਿਹਾਈ ਦੇ ਤਿੰਨ ਪੱਲੇ ਹੁੰਦੇ ਹਨ। ਨਿਰਧਾਰਤ ਤਾਲਾਂ ਦੀਆਂ ਅਨੇਕਾਂ ਪ੍ਰਕਾਰ ਦੀਆਂ ਤਿਹਾਈਆਂ ਹੁੰਦੀਆਂ ਹਨ ਜਿਵੇਂ - ਦਮਦਾਰ ਤਿਹਾਈ, ਬੇਦਮ ਤਿਹਾਈ, ਚਕਰਦਾਰ ਤਿਹਾਹੀ, ਚਾਰ 'ਧਾ' ਦੀ ਤਿਹਾਈ, ਪੰਜ 'ਧਾ' ਦੀ ਤਿਹਾਈ ਅਤੇ ਨੌ 'ਧਾ' ਦੀ ਤਿਹਾਈ ਆਦਿ।

**ਦਮਦਾਰ ਤਿਹਾਈ:** ਤਿੰਨ ਤਾਲ ਵਿੱਚ ਚਾਰ ਮਾਤ੍ਰਾ ਦੇ ਬੋਲ ਸਮੂੰਹ ਨੂੰ 'ਧਾ' ਸਹਿਤ ਭਾਵ ਪੰਜ ਮਾਤ੍ਰਾ ਦੇ ਪੱਲੇ ਨੂੰ ਇੱਕ ਮਾਤ੍ਰਾ ਦਾ 'ਦਮ' ਦੇ ਕੇ ਤਿੰਨ ਵਾਰ ਇਸ ਤਰ੍ਹਾਂ ਵਜਾਇਆ ਜਾਏ ਕਿ ਆਖ਼ਿਰਲੇ ਪੱਲੇ ਦਾ 'ਧਾ' ਸਮ ਨੂੰ ਗ੍ਰਹਿਣ ਕਰੇ ਤਾਂ ਇਸ ਪ੍ਰਕਾਰ ਦੀ ਤਿਹਾਈ ਨੂੰ ਦਮਦਾਰ ਤਿਹਾਈ ਕਿਹਾ ਜਾਦਾ ਹੈ।

**ਇੱਕ ਅਰਸੇ ਦੀਆਂ ਦਮਦਾਰ ਤਿਹਾਈਆਂ:**

੧. ਧਾਤਿਰ ਕਿਟਤਕ ਤਿਰਕਿਟ ਧਾੜ ਧਾ-, -- ਧਾਤਿਰ ਕਿਟਤਕ ਤਿਰਕਿਟ ਧਾੜ ਧਾ-, -- ਧਾਤਿਰ ਕਿਟਤਕ ਤਿਰਕਿਟ ਧਾੜ । ਧਾ-
੨. ਘੇਤ ਗਘੇ ਤਗ ਧਾੜ ਧਾ-, -- ਘੇਤ ਗਘੇ ਤਗ ਧਾੜ ਧਾ-, -- ਘੇਤ ਗਘੇ ਤਗ ਧਾੜ । ਧਾ-

੩. ਤਿਰਕਿਟ ਤਕਤਾ -ਨ ਕਿਟ ਧਾ-, -- ਤਿਰਕਿਟ ਤਕਤਾ -ਨ ਕਿਟ ਧਾ-, -- ਤਿਰਕਿਟ ਤਕਤਾ -ਨ ਕਿਟ । ਧਾ-
੪. ਤਿਟ ਤਿਟ ਕਿਟ ਧਾਧਾ ਧਾ-, -- ਤਿਟ ਤਿਟ ਕਿਟ ਧਾਧਾ ਧਾ-, -- ਤਿਟ ਤਿਟ ਕਿਟ ਧਾਧਾ । ਧਾ-
੫. ਧਿਰਧਿਰ ਕਿਟਤਕ ਤਕ੍ ਕੜਾ-ਨ ਧਾ-, -- ਧਿਰਧਿਰ ਕਿਟਤਕ ਤਕ੍ ਕੜਾ-ਨ ਧਾ-, -- ਧਿਰਧਿਰ ਕਿਟਤਕ ਤਕ੍ ਕੜਾ-ਨ । ਧਾ

**ਦੋ ਅਰਸੇ ਦੀਆਂ ਦਮਦਾਰ ਤਿਹਾਈਆਂ:**

੧. ਤਿਟਤਿਟ ਕਿਟਧਾੜ ਧਾ- ਤੜ੍ ਧਾ-, -- ਤਿਟਤਿਟ ਕਿਟਧਾੜ ਧਾ- ਤੜ੍ ਧਾ-, -- ਤਿਟਤਿਟ
ਕਿਟਧਾੜ ਧਾ- ਤੜ੍ । ਧਾ-
੨. ਧਾਤਿਰਕਿਟਤਕ ਤਿਰਕਿਟਧਾਤਿਰ ਕਿਟਤਕਤਿਰਕਿਟ ਧਾ-ਕਿਟ ਧਾ-, -- ਧਾਤਿਰਕਿਟਤਕ
ਤਿਰਕਿਟਧਾਤਿਰ ਕਿਟਤਕਤਿਰਕਿਟ ਧਾ-ਕਿਟ ਧਾ-, -- ਧਾਤਿਰਕਿਟਤਕ
ਤਿਰਕਿਟਧਾਤਿਰ ਕਿਟਤਕਤਿਰਕਿਟ ਧਾ-ਕਿਟ ।ਧਾ-

੩. ਧਿਰਧਿਰਕਿਟਤਕ ਤਕਤਿਰਕਿਟਤਕ ਧਿਰਧਿਰਕਿਟਤਕ ਤਕ੍ਕੜਾ-ਨ ਧਾ-, -- ਧਿਰਧਿਰਕਿਟਤਕ ਤਕਤਿਰਕਿਟਤਕ ਧਿਰਧਿਰਕਿਟਤਕ ਤਕ੍ਕੜਾ-ਨ ਧਾ-, -- ਧਿਰਧਿਰਕਿਟਤਕ ਤਕਤਿਰਕਿਟਤਕ
ਧਿਰਧਿਰਕਿਟਤਕ ਤਕ੍ਕੜਾ-ਨ । ਧਾ-

**ਬੇਦਮ ਤਿਹਾਈ:** ਤਿੰਨ ਤਾਲ ਵਿੱਚ ਪੰਜ ਮਾਤ੍ਰਾ ਦੇ ਬੋਲ ਸਮੂੰਹ ਨੂੰ 'ਧਾ' ਸਹਿਤ ਪੂਰੇ ਪੱਲੇ ਨੂੰ ਬਿਨਾਂ ਦਮ ਦਿੱਤਿਆਂ ਤਿੰਨ ਵਾਰ ਵਜਾਇਆ ਜਾਏ ਕਿ ਆਖ਼ਿਰਲੇ ਪੱਲੇ ਦਾ 'ਧਾ' ਸਮ ਨੂੰ ਗ੍ਰਹਿਣ ਕਰੇ ਤਾਂ ਅਜਿਹੀ ਬੰਦਿਸ਼ ਨੂੰ ਬੇਦਮ ਤਿਹਾਈ ਕਿਹਾ ਜਾਂਦਾ ਹੈ। ਪਹਿਲੇ ਦੋ ਪੱਲੇ ਸਾਢੇ ਪੰਜ ਮਾਤ੍ਰਾ ਦੇ ਹੋਣਗੇ ਆਖ਼ਿਲਾ ਪੰਜ ਮਾਤ੍ਰਾ ਦਾ ਹੋਏਗਾ। ਅਜਿਹੀਆਂ ਮੁਸ਼ਕਿਲ ਤਿਹਾਈਆਂ ਕਾਫ਼ੀ ਰਿਆਜ਼ ਨਾਲ ਪਕੜ ਵਿੱਚ ਆਉਂਦੀਆਂ ਹਨ।

੧. ਤਕਿਟਧੇ ਤਿਟਕਿਟਤਕ ਤਕ੍ਗੇਦੂੰ ਕਿਟਤਕਤਕ੍ ਕੜਾ-ਨ੍ ਧਾ-,ਤਕਿ ਟਧੇਤਿਟ ਕਿਟਤਕਤਕ੍

ਗੇਦੂੰਕਿਟਤਕ ਤਕ੍ਕੜਾ -ਨ੍ਧਾ-, ਤਕਿਟਧੇ ਤਿਟਕਿਟਤਕ ਤਕ੍ਗੇਦੂੰ ਕਿਤਕਤਕ੍ ਕੜਾ-ਨ੍ । ਧਾ-

ਤਕਿਟਧੇ ਤਿਟਕਿਟਤਕ ਤਕ੍ਗੇਦੂੰ ਕਿਟਤਕਤਕ੍ ਕੜਾ-ਨ ।ਧਾ-

੨. ਧਿਟਤਿਟ ਧਿਟਤਿਟ ਕਤਾਗਦਿ ਗੇਨ੍ਧਾ- ਨ੍ਧਾ-ਨ੍ ਧਾ-,ਧਿਟ ਤਿਟਧਿਟ ਤਿਟਕਤਾ ਗਦਿਗੇਨ੍

ਧਾ-ਨਧਾ-ਨਧਾ-, ਧਿਟਤਿਟ ਧਿਟਤਿਟ ਕਤਾਗਦਿ ਗੇਨ੍ਧਾ- ਨ੍ਧਾ-ਨ੍ । ਧਾ-

੩. ਧਾਤਿਰਕਿਟਧੇ ਤਿਟਕਿਟ ਧਾੜਧਾ- ਕਧਾੜਧਾ -ਕਧਾੜ ਧਾ-,ਧਾਤਿਰ ਕਿਟਧੇਤਿਟ ਕਿਟਧਾੜ

ਧਾ-ਕਧਾ ੜਧਾ-ਕ ਧਾੜਧਾ-, ਧਾਤਿਰਕਿਟਧੇ ਤਿਟਕਿਟ ਧਾੜਧਾ- ਕਧਾੜਧਾ -ਕਧਾੜ । ਧਾ

# 340, ਸੰਗੀਤ ਵਿਲਾਸ, ਬੇਦੀ ਕਲੋਨੀ, ਧਾਰੀਵਾਲ - 143519
ਜਿਲਾ: ਗੁਰਦਾਸਪੁਰ, ਪੰਜਾਬ (ਭਾਰਤ), ਫੋਨ: +91- 9814349658

# राग पटरंजनी

**डा. गुरबख्श सिंह**

पटदीप तथा शिवरंजनी रागों के मेल से लेखक द्वारा निर्मित इस राग को काफी थाट में रखा जा सकता है। इस सम्पूर्ण राग में गंधार कोमल तथा शेष स्वर शुद्ध हैं। भले ही यह राग संपूर्ण है लेकिन शिवरंजनी को ध्यान में रखते हुए इसके आरोह में मध्यम अल्प तथा पटदीप को ध्यान में रखते हुए आरोह में धैवत अल्प है। इस राग में आलाप गाते हुए जब एक राग का स्वरूप अधिक होने लगे तो दूसरे राग के स्वर स्वरूप का प्रयोग करना चाहिए ताकि सन्तुलन बना रहे। रात्रि के प्रथम प्रहर में गाए जाने वाले इस राग का वादी स्वर पंचम तथा संवादी स्वर षड़ज है। पंचम स्वर वादी होने के नाते प्रबल तो है ही परंतु इसके साथ निषाद भी अधिक प्रबल है। दोनों रागों के मिश्रण से एक नया राग बनाने व इस के नामकरण का सुझाव, गुरुकुल अकादमी जबलपुर की संचालिका श्रीमति मौशमी नंदी जी ने दिया है।

**चलन :** सा, ध़ सा, सा रे ग़ रे सा ध़ प़ सा। सा ग़ म प म ग़ रे सा, सा रे ग़ प, प म ग़ म प, प म ग़ रे सा। सा ध़ सा रे ग़ प, ध म प ग़ म प, प नि ध प, प म ग़ रे ग़ रे सा। नि़ सा ग़ म प नि ध प, प ध सां प ग़–रे ग़ प ध प ग़ रे ग़ प ग़ रे सा। प म ग़ म प नि सां। सां रें गं रें सां ध प ग़ म प, प ग़–रे ग़ प म ग़ म प म ग़ रे सा। म प ग़ म प नि–सां। सां रें गं़ रें सां ध प, ग़–रे ग़ प–म ग़ रे सा।

## पटरंजनी (झपताल)

*सरनी आइओ नाथ निधान ॥*
*नाम प्रीति लागी मन भीतरि मागन कउ हरि दान ॥१॥ रहाउ॥*
*सुखदाई पूरन परमेसुर करि किरपा राखहु मान ॥*
*देहु प्रीति साधू संगि सुआमी हरि गुन रसन बखान ॥१॥*
*गोपाल दइआल गोबिद दमोदर निरमल कथा गिआन ॥*
*नानक कउ हरि कै रंगि रागहु चरन कमल संगि धिआन ॥२॥*
*( केदारा महला ५ ) अंग ११११*

## स्थाई


| | | | | | | | | | |
|---|---|---|---|---|---|---|---|---|---|
| सा | रे | मग़ | – | रेग़ | प | प | प | – | – |
| स | र | नी | ऽ | ऽऽ | आ | इ | ओ | ऽ | ऽ |

| | | | | | | | | | |
|---|---|---|---|---|---|---|---|---|---|
| नि | सां | ध | – | प | ग | म | प | – | – |
| ना | ऽ | थ | ऽ | नि | धा | ऽ | न | ऽ | ऽ |
| प | म | ग | रे | सा | नि़ | – | सा | – | सा |
| ना | ऽ | म | ऽ | ऽ | प्री | ऽ | त | ऽ | ला |
| रे | ग | रे | ग | प | ग | रे | सा | नि़ | सा |
| गी | ऽ | म | ऽ | न | भी | ऽ | त | ऽ | र |
| सा | नि़ | ध़ | – | प़ | नि़ | नि़ | सा | – | सा |
| मा | ऽ | ग | ऽ | न | क | उ | ह | ऽ | र |
| रे | ग | रे | ग | प | ग | रे | सा | नि़ | सा |
| दा | ऽ | ऽ | ऽ | ऽ | न | ऽ | ऽ | ऽ | ऽ |
| x | | २ | | | ० | | ३ | | |

## अंतरा

| | | | | | | | | | |
|---|---|---|---|---|---|---|---|---|---|
| प | म | ग | म | प | नि | – | सां | – | – |
| सु | ख | दा | ऽ | ऽ | ई | ऽ | पू | ऽ | ऽ |
| गं | गं | रें | – | सां | नि | ध | प | – | प |
| र | न | प | ऽ | र | मे | ऽ | सु | ऽ | र |
| ध | सां | ध | – | प | ग | – | रे | – | सा |
| क | र | कि | ऽ | र | पा | ऽ | रा | ऽ | ऽ |
| ग | म | प | नि | सां | ध | प | ग | म | प, |
| ख | हु | ऽ | ऽ | ऽ | मा | ऽ | न | ऽ | ऽ, |
| प | म | ग | रे | सा | नि़ | – | सा | – | – |
| ना | ऽ | थ | ऽ | नि | धा | ऽ | न | ऽ | ऽ |
| x | | २ | | | ० | | ३ | | |

**Surlipi Creator:** Prof. Gurbux Singh
**Email:** gurbuxsingh@gmail.com



www.alpoverseas.com
LEADERS IN
EPDM & RUBBER
Polymer based products
ALP
THE ALP GROUP
AEROFLEX
WORLD CLASS RESEARCH & DEVELOPMENT CENTER
AT ALP POLYMER PARK, GUGALKOTA, RAJASTHAN
GLOBAL PRESENCE
ALP NISHIKAWA INDIA
ALP OVERSEAS INDIA
ALP AEROFLEX INDIA INDIA
ALP POLYMER PARK INDIA
ALP GIEG SPAIN
GOLD GLASS ALP USA
ALP USA
ALP AFRICA SOUTH AFRICA
BTB TOOLS AUSTRALIA
ALP OZ AUTO MOULDS AUSTRALIA
Office
Plant
Manufactured and Marketed by: ALP OVERSEAS PVT. LTD.
Corporate Office: Plot No. 32, Sector-18 HUDA, Gurgaon, Haryana - 122015 (INDIA)
Telephone: +91-124-4731500 | Website: www.alpoverseas.com